ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040222
Available online at: www.armaan.org.in
DOI: https://doi.org/10.64119/armaan.vol.4.issue2.22

# ਕਿਰਪਾਲ ਕਜ਼ਾਕ ਦੇ ਕਹਾਣੀ ਸੰਗ੍ਰਹਿ 'ਅੰਤਹੀਣ' ਦਾ ਸਮਾਜ ਸਭਿਆਚਾਰਕ ਅਧਿਐਨ

# Kirpal Kajak De Kahani Sangrah 'Antheen' Da Samaj Sabhyacharak Adhyan

**ਡਾ. ਸ਼ਾਲੂ ਰਾਣੀ (Dr. Shallu Rani)**
ਸਹਾਇਕ ਪ੍ਰੋਫੈਸਰ (Assistant Professor)
ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ (ਪੰਜਾਬ)-144001
Email ID: shallurani.185@gmail.com

*ਸਾਰ (Abstract)*

*'ਕਿਰਪਾਲ ਕਜ਼ਾਕ ਸ਼ਹਿਰੀ ਮਾਨਵੀ ਦ੍ਰਿਸ਼ਟੀਕੋਣ, ਜਿੰਜ ਦੇ ਅਨੁਭਵ ਸੂਖਮ ਕਲਾਤਮਕ ਸੂਝ, ਵਲੂੰਧਰੇ ਪਲਾਂ ਦੀ ਕਸੀਦਾਕਾਰੀ ਕਰਨ ਅਤੇ ਨਿਵੇਕਲੇ-ਸੁਰ ਅਤੇ ਅੰਦਾਜ ਕਰਕੇ ਕਹਾਣੀ ਜਗਤ ਵਿਚ ਆਪਣੀ ਵੱਖਰੀ ਨੁਹਾਰ ਅਤੇ ਪਹਿਚਾਣ ਸਥਾਪਿਤ ਕਰ ਚੁੱਕਾ ਕਹਾਣੀਕਾਰ ਹੈ। ਉਸਨੇ ਥੋੜ੍ਹਾ ਲਿਖਿਆ ਪਰ ਜੋ ਵੀ ਲਿਖਿਆ ਉਸਨੇ ਕਹਾਣੀ ਦੇ ਇਤਿਹਾਸ ਵਿਚ ਗੁਣਾਤਮਕ ਵਾਧਾ ਕੀਤਾ ਹੈ। ਕਿਰਪਾਲ ਕਜ਼ਾਕ ਇੱਕ ਅਜਿਹਾ ਕਹਾਣੀਕਾਰ ਹੈ ਜਿਸਨੇ ਜ਼ਿੰਦਗੀ ਦੀਆਂ ਤ੍ਰਾਸਦਿਕ ਹਕੀਕਤਾਂ ਵਿਚੋਂ ਗੁਜ਼ਰਦੇ ਹੋਏ ਤ੍ਰਾਸਦਿਕ ਸਥਿਤੀਆਂ ਨੂੰ ਆਪਣੇ ਪਿੰਡੇ ਤੇ ਹੰਢਾਇਆ ਤੇ ਕਈ ਕੌੜੇ ਅਨੁਭਵ ਗ੍ਰਹਿਣ ਕੀਤੇ। ਕਜ਼ਾਕ ਨੇ ਆਪਣੀ ਰਚਨਾਤਮਕ ਸ਼ਕਤੀ ਦਾ ਸ੍ਰੋਤ ਜ਼ਿੰਦਗੀ ਦੇ ਅਨੁਭਵ ਕੀਤੇ ਇਨ੍ਹਾਂ ਕੌੜੇ ਅਨੁਭਵਾਂ ਨੂੰ ਬਣਾਇਆ ਤੇ ਬੜੀ ਸ਼ਿੱਦਤ ਨਾਲ ਆਪਣੀਆਂ ਕਹਾਣੀਆਂ ਵਿੱਚ ਸਿਰਜਿਆ ਹੈ। ਕਿਰਪਾਲ ਕਜ਼ਾਕ ਨੇ ਅੰਤਹੀਣ ਕਹਾਣੀ ਸੰਗ੍ਰਹਿ ਰਾਂਹੀ 21ਵੀਂ ਸਦੀ ਦੇ ਮਨੁੱਖ ਦੇ ਸੱਚ ਨੂੰ ਬੜੇ ਬੇਬਾਕੀ ਨਾਲ ਸਿਰਜ ਕੇ ਆਧੁਨਿਕ ਪੂੰਜੀਵਾਦੀ ਸਮਾਜ ਤੇ ਵਿਅੰਗ ਕਸਿਆ ਹੈ ਤੇ ਮਨੁੱਖ ਦੀਆਂ ਭਾਵਨਾਵਾਂ ਨੂੰ ਝੰਜੋੜਨ ਦੀ ਕੋਸ਼ਿਸ਼ ਕੀਤੀ ਹੈ।*

***ਕੀਵਰਡ (Keyword):*** *ਪੰਜਾਬੀ ਸਾਹਿਤ, ਕਿਰਪਾਲ ਕਜ਼ਾਕ, ਕਹਾਣੀ, ਅੰਤਹੀਣ, ਸਮਾਜ ਸਭਿਆਚਾਰ, ਸਮਾਜਿਕ।*

ਕਿਰਪਾਲ ਕਜ਼ਾਕ ਦਾ ਜਨਮ ਪਿੰਡ ਬੱਧੋਕੇ ਜ਼ਿਲ੍ਹਾ ਸੇਖਪੁਰਾ (ਪਾਕਿਸਤਾਨ) ਵਿਚ ਸਾਧੂ ਸਿੰਘ ਦੇ ਘਰ 15 ਜਨਵਰੀ 1943 ਨੂੰ ਹੋਇਆ। 1947 ਦੀ ਵੰਡ ਤੋਂ ਬਾਅਦ ਉਹ ਆਪਣੇ ਪਰਿਵਾਰ ਸਮੇਤ ਪਟਿਆਲੇ ਆ ਵਸਿਆ ਤੇ ਹੁਣ ਤੱਕ ਪਟਿਆਲੇ ਹੀ ਰਹਿ ਰਹੇ ਹਨ। ਉਹ ਪੰਜਾਬੀ ਸਾਹਿਤ ਦਾ ਪ੍ਰਬੁੱਧ ਤੇ ਸਮਰਥ ਕਹਾਣੀਕਾਰ ਹੈ ਜਿਸਨੇ ਸਮਾਜ ਦੇ ਗਰੀਬ ਅਨਪੜ੍ਹ, ਪੇਂਡੂ ਅਤੇ ਮੱਧ ਵਰਗੀ ਲੋਕਾਂ ਦੀ ਜੀਵਨ ਗਾਥਾ ਨੂੰ ਬਹੁਤ ਹੀ ਬਾਰੀਕੀ ਨਾਲ ਨਿਝੱਕ ਹੋ ਕੇ ਆਪਣੀਆਂ ਕਹਾਣੀਆਂ ਵਿੱਚ ਚਿਤਰਿਆ ਹੈ। ਉਸਨੇ ਆਪਣੇ ਹੱਡੀ ਹੰਢਾਏ ਅਨੁਭਵ ਨੂੰ ਬੜੀ ਖੂਬਸੂਰਤੀ ਨਾਲ ਜੱਗ ਦਾ ਅਨੁਭਵ ਬਣਾ ਕੇ ਪੇਸ਼ ਕੀਤਾ ਹੈ। 'ਅੰਤਹੀਣ' ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਨੂੰ ਕਜ਼ਾਕ ਨੇ ਸਮਾਜ ਦੀਆਂ ਸ਼੍ਰੇਣੀਗਤ ਵਿੱਥਾਂ, ਵਿਖੇੜਿਆ ਵਿਰੋਧਾਂ, ਸਮਾਜਿਕ ਰਾਜਨੀਤਕ ਆਰਥਿਕ ਵਿਸੰਗਤੀਆਂ ਪ੍ਰਾਪਤੀਆਂ/ਅਪ੍ਰਾਪਤੀਆਂ ਨੂੰ ਆਧਾਰ ਬਣਾਕੇ ਬੜੀ ਕਲਾਤਮਕਤਾ ਨਾਲ ਸਿਰਜਿਆ ਹੈ ਉਨ੍ਹਾ ਨੇ ਸੋਸ਼ਿਤ ਵਰਗ ਦੀ ਜ਼ਿੰਦਗੀ ਦੇ ਕਰੂਰ ਯਥਾਰਥ ਨੂੰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿਚ ਕਿਰਤੀ ਕਾਮਿਆਂ ਨੂੰ ਬੁਰੀ ਤਰ੍ਹਾਂ ਕੋਹਿਆ ਜਾ ਰਿਹਾ ਹੈ ਅਤੇ ਇਸਤੋਂ ਵੀ ਅੱਗੇ ਫ਼ੋਕ ਵਾਂਗ ਵਰਤ ਕੇ ਸੁੱਟ ਦਿੱਤਾ ਜਾ ਰਿਹਾ ਹੈ ਉਨ੍ਹਾਂ ਨੇ ਸਮਕਾਲੀ ਮਨੁੱਖੀ ਯਥਾਰਥ ਦੀਆਂ ਅਨੇਕਾਂ ਪਰਤਾਂ ਦੀ ਆਰਥਿਕ, ਸਮਾਜਿਕ ਅਤੇ ਪਰਿਵਾਰਕ ਵਿਖੰਡਨ ਅਤੇ ਮਨੁੱਖੀ ਜੀਵਨ ਤੇ ਕਰਜਿਆ ਦੇ ਬੋਝ ਦੇ ਪਏ ਬੁਰੇ ਪ੍ਰਭਾਵ ਨੂੰ ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦਾ ਸਿਰਜਣ ਅਧਾਰ ਬਣਾਇਆ ਹੈ। ਕਜ਼ਾਕ ਨੇ ਆਪਣੀ ਕਹਾਣੀਆਂ ਰਾਹੀਂ ਮੁੱਖ ਤੌਰ ਤੇ ਇਸ ਤੱਥ ਨੂੰ ਪੇਸ਼ ਕਰਨ ਦੀ ਕੌਸ਼ਿਸ ਕੀਤੀ ਹੈ ਕਿ ਵਿਸ਼ਵੀਕਰਨ ਭਾਵੇਂ ਆਰਥਿਕ ਵਰਤਾਰਾ ਹੈ ਪਰ ਅਜੋਕੇ ਪੂੰਜੀਵਾਦੀ ਯੁੱਗ ਵਿੱਚ ਇਸ਼ਦਾ ਸਭ ਤੋਂ ਵੱਧ ਪ੍ਰਭਾਵ ਸਭਿਆਚਾਰਕ ਸੰਸਥਾਵਾਂ ਉੱਪਰ ਪੈ ਰਿਹਾ ਹੈ। ਅੱਜ ਪੰਜਾਬੀ ਭਾਈਚਾਰੇ ਦੀ ਮਾਨਸਿਕਤਾ ਚੱਜ ਆਚਾਰ ਅਤੇ ਜਿਹਨ ਨੂੰ ਖਪਤ ਸਭਿਆਚਾਰ ਨੇ ਪੂਰੀ ਤਰ੍ਹਾਂ ਆਪਣੀ ਜਕੜ ਵਿਚ ਲੈ ਲਿਆ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਨਿਮਨ ਵਰਗ ਦੀ ਮੰਦੀ ਆਰਥਿਕਤਾ, ਸਮਾਜਿਕ ਰਿਸ਼ਤਿਆਂ ਦਾ ਰੁਪਾਂਤਰਣ ਮਨੁੱਖੀ ਮਨ ਦੀ ਅਸਹਿ ਪੀੜਾਂ ਪਰਿਵਾਰਕ ਰਿਸ਼ਤਿਆਂ ਵਿੱਚ ਆਈਆਂ ਤਰੇੜਾਂ ਅਤੇ ਨਾਰੀ ਚੇਤਨਾ ਵਰਗੇ ਗੰਭੀਰ ਵਿਸ਼ਿਆ ਨੂੰ ਸਿਰਜਣ ਦਾ ਸਫਲ ਉਪਰਾਲਾ ਕੀਤਾ ਗਿਆ ਹੈ।

'ਡੂੰਮਣਾ' ਕਹਾਣੀ ਰਾਹੀਂ ਕਹਾਣੀਕਾਰ ਨੇ ਇਸ ਸੱਚ ਨੂੰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਵਿਸ਼ਵੀਕਰਨ ਦੇ ਦੌਰ ਵਿਚ ਪੂੰਜੀਵਾਦ ਦੀ ਝਪੇਟ ਵਿੱਚ ਪਿੰਡਾਂ ਵਿੱਚ ਰਹਿਣ ਵਾਲੇ ਭੋਲੇ ਭਾਲੇ ਲੋਕ ਵੀ ਆ ਰਹੇ ਹਨ। ਸਵਾਰਥ ਤੇ ਪਦਾਰਥ ਦੇ ਪ੍ਰਭਾਵ ਅਧੀਨ ਆਰਥਿਕਤਾ ਵਿਚੋਂ ਨਵੇਂ ਰਿਸ਼ਤੇ ਪੈਦਾ ਹੋ ਰਹੇ ਹਨ ਜੋ ਸਵਾਰਥ ਅਧੀਨ ਯਾਤਰਾ ਕਰਦੇ ਹੋਏ ਪੂੰਜੀ ਨੂੰ ਹੀ ਜ਼ਿੰਦਗੀ ਦੇ ਮਾਨਵੀ ਰਿਸ਼ਤਿਆਂ ਦਾ ਅੰਤਿਮ ਯਥਾਰਥ ਸਮਝੀ ਜ਼ਿੰਦਗੀ ਵੱਲ੍ਹ ਪਿੱਠ ਕਰੀ ਖੜ੍ਹੇ ਹਨ। ਪਦਾਰਥਵਾਦੀ ਸਵੈ ਕੇਂਦਰਿਤ ਜੀਵਨ ਸ਼ੈਲੀ ਨੇ ਹੰਢਣਸਾਰ ਰਿਸ਼ਤਿਆਂ ਨੂੰ ਵੀ ਮਧੋਲ ਕੇ ਰੱਖ ਦਿੱਤਾ ਹੈ। ਪਰਿਵਾਰਕ ਪਿਛੋਕੜ ਨੂੰ ਨਿੱਜਮੁੱਖਤਾ ਦੀ ਇਸ ਰੌਂਅ ਨੇ ਕੇਰ ਦਿੱਤਾ ਹੈ, ਸ਼ੌਂਕ, ਪਿਆਰ ਅਪਣੱਤ, ਸਾਂਝੀਵਾਲਤਾ ਸਭ ਅਰਥਹੀਣ ਹੋਕੇ ਰਹਿ ਗਏ ਹਨ। ਜਿਸ ਕਾਰਨ ਇਕ ਪਰਿਵਾਰ ਅੰਦਰ ਵੱਖ-ਵੱਖ ਤਰ੍ਹਾਂ ਦੀ ਸੋਚ ਰੱਖਣ ਨਾਲ ਮੈਂਬਰਾਂ ਵਿਚਕਾਰ ਤਣਾਓ ਅਤੇ ਟਕਰਾਓ ਵੱਧ ਰਿਹਾ ਹੈ ਪੂੰਜੀਵਾਦ ਦੇ ਪ੍ਰਭਾਵ ਅਧੀਨ ਭਰਾ ਹੀ ਭਰਾ ਦੇ ਖਿਲਾਫ ਸਾਜਸ਼ਾਂ ਰਚਕੇ ਸਭ ਕੁਝ ਹੜੱਪ ਕਰ ਜਾਣਾ ਚਾਹੁੰਦਾ ਹੈ।

ਆਧੁਨਿਕ ਸਮਾਜ ਦੇ ਇਸ ਸੱਚ ਨੂੰ ਕਿਰਪਾਲ ਕਜ਼ਾਕ ਨੇ ਡੂੰਮਣਾ ਕਹਾਣੀ ਦੇ ਬਾਰਾਂ ਸਿੰਘ ਦੇ ਪਰਿਵਾਰ ਰਾਹੀਂ ਸਿਰਜਿਆ ਹੈ ਬਾਰਾ ਸਿੰਘ ਜਿਸ ਦੇ ਪਰਿਵਾਰ ਦਾ ਸਾਰੇ ਪਿੰਡ ਵਾਲੇ ਸਤਿਕਾਰ ਕਰਦੇ ਹਨ ਕਿਉਂਕਿ ਨਨਕਾਣਾ ਸਾਹਿਬ ਦੇ ਮੋਰਚੇ ਵਿੱਚ ਉਨ੍ਹਾਂ ਦੇ ਵੱਡੇ ਵਡੇਰੇ ਸ਼ਹੀਦ ਹੋਏ ਸਨ ਪਰ ਬਾਰਾ ਸਿੰਘ ਦੇ ਆਪਣੇ ਪੁੱਤਰ ਵੱਖ-ਵੱਖ ਸੋਚਦੇ ਧਾਰਨੀ ਬਣ ਕੇ ਪਰੰਪਰਾਗਤ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇ ਦਿੰਦੇ ਹਨ। ਇਸ ਕਹਾਣੀ ਦਾ ਪਾਤਰ ਸੂਰਤੀ ਪੂੰਜੀਵਾਦੀ ਸਮਾਜ ਵਿਚ ਵਿਚਰਦੇ ਪਦਾਰਥਵਾਦੀ ਸੋਚ ਵਾਲੇ ਮਨੁੱਖ ਦੀ ਤਸਵੀਰ ਪੇਸ਼ ਕਰਦਾ ਹੈ ਜਿਸਦੇ ਲਈ ਧੰਨ ਦੀ ਲਾਲਸਾ ਵਿਚ ਗ੍ਰਸੇ ਹੋਣ ਕਰਕੇ ਰਿਸ਼ਤਿਆਂ ਦਾ ਮੋਹ ਹੀ ਖਤਮ ਹੋ ਜਾਂਦਾ ਹੈ। ਸਭ ਕੁਝ ਆਪਣਿਆਂ ਤੋਂ ਖੋਹ ਲੈਣ ਨੂੰ ਹੀ ਆਪਣਾ ਵਡੱਪਣ ਸਮਝਦਾ ਹੈ। ਕਿਰਪਾਲ ਕਜ਼ਾਕ ਨੇ ਇਸ ਕਹਾਣੀ ਵਿੱਚ ਬਦਲਦੇ ਸਮਾਜਿਕ ਰਿਸ਼ਤਿਆ ਦੇ ਦ੍ਰਿਸ਼ ਨੂੰ ਪੇਸ਼ ਕੀਤਾ ਹੈ। ਪੰਜਾਬੀ ਸਮਾਜ ਵਿੱਚ ਪਿਓ-ਪੁੱਤਰ ਦਾ ਰਿਸ਼ਤਾ ਅਜਿਹੀ ਭੀੜੀ ਤੰਦ ਹੈ ਜਿਹੜੀ ਆਤਮਿਕ ਰੂਹਾਨੀ ਰੂਪ ਵਿੱਚ ਵਿਚਰਦੀ ਹੈ ਦੋਵਾਂ ਵਿਚਲਾਂ ਆਪਸੀ ਰਿਸ਼ਤਾ ਆਪਸੀ ਪ੍ਰੇਮ ਅਪਣੱਤ ਬੰਧਨ ਯੁਕਤ ਇਛਾਵਾਂ ਅਤੇ ਸੱਧਰਾਂ ਭਰਿਆ ਹੁੰਦਾ ਹੈ। ਪਰ ਆਧੁਨਿਕ ਸਮਾਜ ਵਿੱਚ ਬੱਚਿਆਂ ਦੀ ਸੋਚ ਵਿੱਚ ਬਦਲਾਅ ਆ ਗਿਆ, ਜਿਸਦੀ ਵਜਾਹ ਨਾਲ ਪਰਿਵਾਰਕ ਰਿਸ਼ਤੇ ਟੁੱਟਦੇ ਜਾ ਰਹੇ ਹਨ ਤੇ ਆਪਣੀ ਅਹਿਮੀਅਤ ਹੀ ਖੋਂਦੇ ਜਾ ਰਹੇ ਹਨ। ਪੂੰਜੀਵਾਦੀ ਸੋਚ ਅਧੀਨ ਰਿਸ਼ਤਿਆਂ ਵਿਚਲਾ ਟਕਰਾਓ ਮੋਹ ਭਰੇ ਖ਼ੂਨ ਦੇ ਰਿਸ਼ਿਤਆਂ ਦਾ ਕਤਲ ਕਰ ਰਿਹਾ ਹੈ। ਪਰਿਵਾਰਕ ਸਾਂਝੀਵਾਲਤਾ ਵਾਲੇ ਰਿਸ਼ਤਿਆ ਵਿੱਚ ਤਰੇੜਾਂ ਆ ਗਈਆ ਹਨ ਕਿਉਂਕਿ ਇਨ੍ਹਾਂ ਰਿਸ਼ਤਿਆਂ ਤੇ ਮਨੁੱਖ ਦੀਆਂ ਪਦਾਰਥਕ ਰੁਚੀਆਂ ਭਾਰੂ ਹੋ ਗਈਆ ਹਨ। ਪੈਸੇ ਦੀ ਲਾਲਸਾ ਨੇ ਮਨੁੱਖ ਨੂੰ ਅੰਨ੍ਹਾਂ ਕਰ ਦਿੱਤਾ ਹੈ ਜਿਸਨੂੰ ਪੈਸੇ ਤੋਂ ਇਲਾਵਾ ਕੁੱਝ ਦਿਖਦਾ ਹੀ ਨਹੀ ਰਿਸ਼ਤੇ ਪਰਿਵਾਰ ਦੇ ਜੀਆਂ ਨੂੰ ਹੀ ਮਿਲਾਕੇ ਬਣਦੇ ਹਨ ਸਮਾਜ ਵਿੱਚ ਪਰਿਵਾਰ ਦਾ ਵਿਸ਼ੇਸ ਸਥਾਨ ਪਰਿਵਾਰਕ ਰਿਸ਼ਤਿਆ ਦੀ ਅਟੁੱਟ ਸਾਂਝ ਹੀ ਬਣਾਉਂਦੀ ਹੈ ਪੰਜਾਬੀ ਸੱਭਿਆਚਾਰ ਵਿੱਚ ਪਿਆਰ ਵਿਸ਼ਵਾਸ ਅਤੇ ਅਪਣੱਤ ਦਾ ਪ੍ਰਤੀਕ ਇਹ ਰਿਸ਼ਤੇ ਨਾਤੇ ਹੀ ਹਨ ਇਸ ਨਾਲ ਹੀ ਸਮਾਜ ਵਿੱਚ ਵਿਚਰਦਾ ਹੋਇਆ ਮਨੁੱਖ ਆਪਣੀ ਨਿਵੇਕਲੀ ਪਛਾਣ ਬਣਾਉਣਾ ਹੈ ਪਰ ਪੂੰਜੀਵਾਦੀ ਯੁੱਗ ਵਿੱਚ ਇਹ ਰਿਸ਼ਤੇ ਖੇਰੂ-ਖੇਰੂ ਹੋ ਰਹੇ ਹਨ ਤੇ ਆਪਣੀ ਪਛਾਣ ਖੋ ਰਹੇ ਹਨ। ਇਸ ਕਹਾਣੀ ਵਿੱਚ ਰਿਸ਼ਤਿਆਂ ਦਾ ਆਪਸੀ ਟਕਰਾਓ ਅਤੇ ਰਿਸ਼ਤਿਆ ਦੀ ਟੁੱਟ ਭੱਜ ਦੇਖਣ ਨੂੰ ਮਿਲਦੀ ਹੈ। ਰਿਸ਼ਤਿਆ ਦੀ ਟੁੱਟ-ਭੱਜ ਵਿੱਚੋਂ ਉਪਜਿਆਂ ਮਾਨਸਿਕ ਸੰਤਾਪ ਇਸ ਕਹਾਣੀ ਦਾ ਮੂਲ ਧੁਰਾ ਹੈ ਜਿਸਦੇ ਤਹਿਤ ਕਹਾਣੀ ਵਿੱਚ ਪੇਸ਼ ਹੋਇਆ ਪਰਿਵਾਰਕ ਰਿਸ਼ਤਿਆ ਦਾ ਸਰੂਪ ਸੰਗਠਿਤ ਨਾ ਹੋ ਕੇ ਇਕੱਲਤਾ ਵਾਲਾ ਹੈ। ਕਹਾਣੀ ਦਾ ਪਾਤਰ ਬਾਰਾ ਸਿੰਘ ਆਪਣੇ ਪੁੱਤਰ ਸੂਰਤੀ ਨੂੰ ਇਸ ਆਸ ਤੇ ਪੜ੍ਹਾਉਂਦਾ-ਲਿਖਾਉਂਦਾ ਹੈ ਕਿ ਉਸਦੇ ਬੁਢਾਪੇ ਦੀ ਢੰਗੋਰੀ ਬਣੇਗਾ ਪਰ ਸੂਰਤੀ ਆਪਣੀ ਪਿਓ ਦੀਆਂ ਸਧਰਾਂ ਦੇ ਉਲਟ ਪੂੰਜੀਵਾਦੀ ਵਿਚਾਰਧਾਰਾ ਦੇ ਅਧੀਨ ਆਪਣੇ ਪਿਓ ਦੀ ਢੰਗੋਰੀ ਬਣਨ ਦੀ ਥਾਂ ਬਦਨਾਮੀ ਦੀ ਅਜਿਹੀ ਗਹਿਰੀ ਖਾਈ ਵਿੱਚ ਧਕੇਲਦਾ ਹੈ ਜਿੱਥੇ ਉਸਦਾ ਬੇਬਸ ਪਿਓ ਖ਼ੂਨ ਦੇ ਹੰਝੂ ਕੇਰਦਾ ਹੈ । ਆਪਣੇ ਪੁੱਤਰ ਸੂਰਤੀ ਦੇ ਘੋਰ ਪਦਾਰਥਵਾਦੀ ਅਥੇ ਲਾਲਚੀ ਵਤੀਰੇ ਨੂੰ ਦੇਖ ਕੇ ਸਿੱਖ ਸਿਧਾਂਤਾਂ ਅਤੇ ਆਦਰਸ਼ਾਂ ਨੂੰ ਪ੍ਰਣਾਇਆ ਬਾਰਾਸਿਉ ਅਰਜੋਈ ਕਰਦਾ ਹੈ-

> *"ਸੁਣਦੈ ਬਾਜਾਂ ਵਾਲਿਆ" ਉਹ ਅਚਾਨਕ ਵੱਡੇ ਦਰਾ ਵਿੱਚ ਪ੍ਰਗਟ ਹੋਇਆ। ਗੱਲ ਮੁੱਕਣ ਤੇ ਆ ਗਈ ਓ ਦਾਤਿਆ" ਉਹਦਾ ਗਲ ਭਰ ਆਇਆ ਤੇ ਉਹ ਹਜ਼ੂਰੀ 'ਚ ਨਿੰਵਦਾ, ਇੱਕ ਤਰ੍ਹਾਂ ਰੋਣ ਵਾਂਗ ਬੋਲਿਆ, ਆਹ ਪੱਲਾ ਵੇਖ ਗਰੀਬ ਦਾ ਜਾਂ ਮੈ ਮਰ ਜਾਂ, ਜਾਂ ਮੇਰਾ ਸੂਰਤੀ ਮਰ ਜਾਵੇਂ...... ।"[1]*

ਇਸ ਤਰ੍ਹਾਂ ਇਹ ਕਹਾਣੀ ਪੇਂਡੂ ਸਮਾਜ ਵਿੱਚ ਪੂੰਜੀਵਾਦੀ ਕਦਰਾਂ ਕੀਮਤਾਂ ਦੇ ਪ੍ਰਵੇਸ਼ ਰਾਹੀਂ ਸਭਿਆਚਾਰ ਦੇ ਬਦਲ ਰਹੇ ਮਾਹੌਲ ਦੀ ਝਾਕੀ ਨੂੰ ਪੇਸ਼ ਕਰਦੀ ਹੈ।

'ਜੜ੍ਹਾਂ' ਕਹਾਣੀ ਵਿਚ ਵੀ ਕਿਰਪਾਲ ਕਜ਼ਾਕ ਨੇ ਆਰਥਿਕਤਾ ਕਾਰਣ ਪਰੰਪਰਕ ਤੇ ਆਧੁਨਿਕ ਪੂੰਜੀਵਾਦੀ ਕਦਰਾਂ ਕੀਮਤਾਂ ਦੇ ਟਕਰਾਓ ਦੇ ਸੰਘਰਸ਼ ਵਿੱਚੋਂ ਉਪਜੇ ਸੰਤਾਪ ਤੇ ਤਣਾਓ ਨੂੰ ਸਿਰਜਣ ਦੀ ਕੋਸ਼ਿਸ਼ ਕੀਤੀ ਹੈ ਕਹਾਣੀਕਾਰ ਨੇ ਇਸ ਸੱਚ ਨੂੰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ ਕਿ ਪਿੰਡਾਂ ਵਿੱਚ ਪਤੀ ਦੀ ਮੌਤ ਹੋਣ ਤੋਂ ਬਾਅਦ ਪੁੱਤਰ ਨੂੰ ਤੀਵੀਂਆਂ ਇਸ ਉਮੀਦ ਤੇ ਪੜ੍ਹਾ ਲਿਖਾਕੇ ਵੱਡਾ ਕਰਦੀਆਂ ਹਨ ਕਿ ਉਸਦਾ ਪੁੱਤਰ ਵੱਡਾ ਹੋਕੇ ਉਸਨੂੰ ਸੁੱਖ ਦੇਏਗਾ ਪਰ ਪੁੱਤਰ ਤੇ ਪੂੰਜੀਵਾਦੀ ਪਦਾਰਥਵਾਦੀ ਸੋਚ ਭਾਰੂ ਹੋਣ ਕਰਕੇ ਮਾਂ ਦੇ ਸੁੱਖ ਲੈਣ ਦੇ ਸੁਪਨੇ ਸੁਪਨੇ ਹੀ ਰਹਿ ਜਾਂਦੇ ਹਨ ਪੁੱਤਰ ਨਿੱਜ ਦੇ ਸਵਾਰਥ ਕਾਰਨ ਮਾਂ ਦੀਆਂ ਭਾਵਨਾਵਾਂ ਸਮਝਣ ਤੋਂ ਅਸਮਰਥ ਰਹਿੰਦਾ ਹੈ। ਇਸ ਕਹਾਣੀ ਦੇ ਮੈਂ ਪਾਤਰ ਦੀ ਆਪਣੀ ਮਾਂ ਦੀ ਸਥਿਤੀ ਵੀ ਇਸ ਤਰ੍ਹਾਂ ਦੀ ਔਰਤ ਦੀ ਹੈ ਜੋ ਪਿੰਡ ਵਿੱਚ ਰਹਿਕੇ ਆਪਣੇ ਪੁੱਤਰ ਨੂੰ ਪਤੀ ਦੀ ਮੌਤ ਹੋਣ ਤੋਂ ਬਾਅਦ ਵੀ ਇਸ ਉਮੀਦ ਤੇ ਪੜ੍ਹਾਉਂਦੀ ਹੈ ਕਿ ਪੁੱਤਰ ਵੱਡਾ ਹੋ ਕੇ ਅਫ਼ਸਰ ਬਣੇਗਾ ਅਤੇ ਉਸਨੂੰ ਸੁੱਖ ਦਾ ਸਾਹ ਦਵਾਏਗਾ ਕਹਾਣੀ ਵਿੱਚ ਉਸਦੀ ਮਾਂ ਦੇ ਵਿਚਾਰ ਸਾਹਮਣੇ ਆਉਂਦੇ ਹਨ –

> *"ਅਫਸਰ ਬਣੂ ਮੇਰਾ ਪੁੱਤਰ! ਰਾਜ ਕਰਾਊ ਮਾਂ ਨੂੰ.....*
> *ਆਖਰ ਬੰਦੇ ਦਾ ਅੰਸ਼ ਐ...ਜੇ ਮਾਂ ਦੀ ਆਂਦਰ*
> *ਠੰਡੀ ਕਰੂ, ਤਾਂ ਹੀ ਪਿਓ ਦਾ ਸੀਵਾ ਠੰਡਾ ਹੋਊ...ਮਾੜੀ*
> *ਲਾਦ ਤਾਂ ਕਹਿੰਦੇ ਬੰਦੇ ਦੀ ਗਤੀ ਨੀ ਹੋਣ ਦਿੰਦੀ।"[2]*

ਪਰ ਮਾਂ ਦੀਆਂ ਉਮੀਦਾਂ ਦੇ ਉਲਟ ਮੈਂ ਪਾਤਰ ਜੋ ਪਦਾਰਥਵਾਦੀ ਸੋਚ ਕਾਰਨ ਨਿੱਜ ਦੇ ਸਵਾਰਥ ਤੱਕ ਸੀਮਤ ਹੈ ਪੜ੍ਹ ਲਿਖਕੇ ਆਪਣੇ ਨਿੱਜੀ ਸਵਾਰਥ ਲਈ ਸ਼ਹਿਰ ਦੀ ਅਮੀਰ ਪਿਓ ਦੀ ਕੁੜੀ ਸੈਲੀ ਨਾਲ ਵਿਆਹ ਕਰਵਾ ਲੈਂਦਾ ਹੈ ਫਿਰ ਉਸਦੇ ਪਿਓ ਵੱਲੋਂ ਮਿਲੀ ਨੌਕਰੀ ਜੋ ਉਸਨੂੰ ਖੈਰਾਤ ਵਿੱਚ ਮਿਲਦੀ ਹੈ ਸਵੀਕਾਰ ਕਰਕੇ ਸ਼ਹਿਰ ਵਿੱਚ ਮਾਂ ਤੋਂ ਵੱਖ ਹੋਕੇ ਰਹਿਣ ਲੱਗ ਜਾਂਦਾ ਹੈ ਅਤੇ ਆਪਣੀ ਮਾਂ ਦੀਆਂ ਸਧਰਾਂ ਨੂੰ ਆਪਣੀ ਅਤੇ ਸ਼ੈਲੀ ਦੀ ਖੁਸ਼ੀ ਦੇ ਸਵਾਰਥ ਦੀ ਬਲੀ ਚਾੜ੍ਹ ਦਿੰਦਾ ਹੈ। ਇਸ ਤਰ੍ਹਾਂ ਇਸ ਕਹਾਣੀ ਦਾ ਪਾਤਰ ਅਮੀਰ ਹੋਣ ਦੇ ਲਾਲਚ ਵਿੱਚ ਪੇਂਡੂ ਨੈਤਿਕ ਕਦਰਾਂ ਕੀਮਤਾਂ ਤੋਂ ਦੂਰ ਹੋ ਜਾਂਦਾ ਹੈ ਤੇ ਆਪਣੇ ਪੁਰਾਣੇ ਪਿਆਰ ਭਰੇ ਪਰਿਵਾਰਕ ਰਿਸ਼ਤਿਆਂ ਤੋਂ ਟੁੱਟ ਜਾਂਦਾ ਹੈ। ਪੇਂਡੂ ਤੋਂ ਸ਼ਹਿਰੀਕਰਨ ਵਾਲੀ ਪਹਿਚਾਣ ਬਣਾਉਣ ਵਿੱਚ ਆਪਣੀ ਅਸਲੀ ਪਹਿਚਾਣ ਭੁਲਾ ਦਿੰਦਾ ਹੈ ਅਤੇ ਆਪਣੀਆਂ ਜੜ੍ਹਾਂ ਹੀ ਉਖਾੜ ਲੈਂਦਾ ਹੈ ਜਿੰਨ੍ਹਾਂ ਨੂੰ ਸ਼ਹਿਰ ਵਿਚ ਲਗਾਉਣ ਤੋਂ ਵੀ ਪੂਰੀ ਤਰ੍ਹਾਂ ਅਸਮਰਥ ਰਹਿੰਦਾ ਹੈ ਉਸਨੂੰ ਮਹਿਸੂਸ ਹੁੰਦਾ ਹੈ ਕਿ ਉਸਦੀਆਂ ਤਾਂ ਕਿਤੇ ਜੜ੍ਹਾਂ ਹੀ ਨਹੀਂ ਹਨ। ਕਹਾਣੀਕਾਰ ਨੇ ਇਸ ਸੱਚ ਨੂੰ ਪੇਸ਼ ਕੀਤਾ ਹੈ ਕਿ ਸ਼ਹਿਰਾਂ ਵਿੱਚ ਵਿਚਰਦਾ ਮਨੁੱਖ ਹਮੇਸ਼ਾ ਇੱਕ ਅਧੂਰੇਪਣ ਨਾਲ ਦੋ ਚਾਰ ਹੁੰਦਾ ਸ਼ਹਿਰ ਅਤੇ ਪਿੰਡ ਵਿਚ ਲਟਕਿਆ ਰਹਿੰਦਾ ਹੈ ਜੜ੍ਹਹੀਣਤਾ ਦੀ ਨਿਰੰਤਰ ਪ੍ਰਕਿਰਿਆ ਵਿਚੋਂ ਗੁਜਰਦਾ ਮਨੁੱਖ ਕਿਤੇ ਵੀ ਆਪਣੀਆਂ ਜੜ੍ਹਾਂ ਲਾਉਣ ਤੋਂ ਅਸਮਰਥ ਦਿਖਾਈ ਦਿੰਦਾ ਹੈ ਨਿਰੰਤਰ ਜੜ੍ਹਹੀਣਤਾ ਦੀ ਅਸਹਿ ਪੀੜ ਨੂੰ ਉਸਨੂੰ ਦਿਨ ਰਾਤ ਝੇਲਣਾ ਪੈਂਦਾ ਹੈ ਜੋ ਉਸਦੇ ਲਈ ਦਰਦਨਾਕ ਸਾਬਿਤ ਹੁੰਦੀ ਹੈ। ਜਿਸਦੀ ਪੇਸ਼ਕਾਰੀ ਕਜ਼ਾਕ ਨੇ ਕਹਾਣੀ ਵਿੱਚ ਇਸ ਤਰ੍ਹਾਂ ਕੀਤੀ ਹੈ-

> *"ਬੰਦਿਆਂ ਤੇਰੀਆਂ ਦਸ ਦੇਹੀਆਂ।.."ਪਰ ਅਗਲੇ ਹੀ ਪਲ ਮੈਂ ਇਹ ਖਿਆਲ ਝਟਕ ਦਿੱਤਾ ਅਤੇ ਸੋਚਿਆ, ਇਹ ਤਰਬੀਹ ਵੀ ਠੀਕ ਨਹੀਂ ਸੀ। ਕੀ ਪਤਾ*

*ਜੜ੍ਹਾਂ ਖੱਗੇ ਜਾਣ ਦੀ ਕੋਈ ਉਮਰ ਹੋਵੇ। ਸ਼ਾਇਦ ਇਸੇ ਲਈ ਮਾਂ ਸ਼ਹਿਰ ਜੜ੍ਹਾਂ ਨਹੀਂ ਸੀ ਲਾ ਸਕੀ। ਪਰ ਪਤਾ ਨਹੀਂ ਕਿਉਂ ? ਮੈਂ ਇਹ ਖਿਆਲ ਵੀ ਝਟਕ ਦਿੱਤਾ ਅਤੇ ਬੜੇ ਦੁਖੀ ਮਨ ਨਾਲ ਸੋਚਣ ਲੱਗਾ ਕਿ ਆਖਰ ਮੈਂ ਕਿਹੜੇ ਲੋਕਾਂ ਵਿਚੋਂ ਸਾਂ ?*

*ਜਿਨ੍ਹਾ ਨੂੰ ਸ਼ਹਿਰ ਦੀ ਮਿੱਟੀ ਕਦੇ ਰਾਸ ਨਹੀਂ ਸੀ ਆਈ ਅਤੇ ਪਿੰਡ ਦੀ ਮਿੱਟੀ ਵਿਚ ਜੜ੍ਹਾਂ ਲਈ ਕੋਈ ਥਾਂ ਹੀ ਨਹੀਂ ਸੀ ਰਹੀ । ਪਰ ਇਸਤੋਂ ਪਹਿਲਾਂ ਕਿ ਮੈਂ ਕੁਝ ਹੋਰ ਸੋਚਦਾ ਮੈਨੂੰ ਲੱਗਾ, ਮੇਰੀਆਂ ਤਾਂ ਜਿਵੇਂ ਜੜ੍ਹਾਂ ਹੀ ਨਹੀਂ ਸਨ.... ।"*[3]

ਇਸ ਤਰਾਂ ਇਹ ਕਹਾਣੀ ਨਵੀਂ ਅਤੇ ਪੁਰਾਣੀ ਪੀੜ੍ਹੀ ਦੀ ਜੀਵਨ ਜਾਂਚ, ਵਿਚਾਰਾਂ ਅਤੇ ਮਾਨਸਿਕਤਾ ਵਿਚਲੇ ਪਾੜੇ ਦੇ ਦੁਖਾਂਤ ਨੂੰ ਸਿਰਜਦੀ ਹੈ। ਪਿੰਡਾਂ ਵਿਚੋਂ ਆਪਣੀਆਂ ਜੜ੍ਹਾ ਉਖਾੜ ਚੁੱਕੀ ਅਜਿਹੀ ਪੀੜ੍ਹੀ ਸਾਹਮਣੇ ਆਉਂਦੀ ਹੈ ਜੋ ਪਿੰਡਾਂ ਵਿਚੋਂ ਆਪਣੀਆਂ ਜੜ੍ਹਾਂ ਉਖਾੜ ਚੁਕੀ ਹੈ ਤੇ ਸ਼ਹਿਰਾ ਵਿੱਚ ਆਪਣੀਆਂ ਜੜ੍ਹਾਂ ਲਗਾਉਣ ਤੋਂ ਅਸਮਰਥ ਲਗਾਤਾਰ ਜੜ੍ਹਹੀਣਤਾ ਦਾ ਦੁੱਖ ਹੰਢਾ ਰਹੀ ਹੈ। ਕਹਾਣੀਕਾਰ ਇਸ ਕਹਾਣੀ ਰਾਹੀਂ ਆਧੁਨਿਕ ਸ਼ਹਿਰੀ ਜੀਵਨ ਵਿੱਚਲੀ ਬੇਗਾਨਗੀ, ਉਦਾਸੀਨਤਾ, ਇਕਲਾਪੇ ਤੇ ਨਿੱਜ ਕੇਂਦਰਿਤ ਸੋਚ ਉੱਪਰ ਕਟਾਖਸ਼ ਕਰਦਾ ਹੈ। ਸ਼ਹਿਰੀ ਮਨੁੱਖ ਕੋਲ ਸੁੱਖ ਸੁਵਿਧਾਵਾਂ ਤਾਂ ਹਨ ਪਰ ਆਪਣੀਆਂ ਜੜ੍ਹਾਂ ਨਹੀਂ ਹਨ। ਜੜ੍ਹਹੀਣ ਹੋਣ ਕਰਕੇ ਇਕਲਾਪੇ ਦਾ ਸ਼ਿਕਾਰ ਹੋ ਰਹੇ ਹਨ।

ਇਸ ਤਰ੍ਹਾਂ ਇਹ ਕਹਾਣੀ ਸਮਾਜ ਵਿੱਚ ਬਦਲ ਰਹੇ ਪਰਿਵਾਰਕ ਰਿਸ਼ਤਿਆ ਦੀ ਚੇਤਨਾ ਦੇ ਸਰੋਕਾਰ ਨਾਲ ਸੰਬੰਧਿਤ ਹੈ। ਇਹ ਕਹਾਣੀ ਪਰਿਵਾਰਕ ਰਿਸ਼ਤਿਆ ਦੇ ਬਦਲਦੇ ਸਮੀਕਰਨ ਨੂੰ ਵਿਭਿੰਨ ਪੱਧਰਾਂ ਤੇ ਪੇਸ਼ ਕਰਦੀ ਹੈ। ਕਹਾਣੀਕਾਰ ਨੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਜਿੱਥੇ ਪਿੰਡ ਦੇ ਰਿਸ਼ਤਿਆਂ ਵਿੱਚ ਆਪਣੇਪਣ ਦਾ ਅਹਿਸਾਸ ਹੁੰਦਾ ਸੀ ਉੱਥੇ ਸਿਰਫ ਕਾਰਜ ਵਿਹਾਰ ਤੱਕ ਸ਼ਹਿਰੀ ਰਿਸ਼ਤੇ ਸੀਮਤ ਹੋ ਕੇ ਰਹਿ ਗਏ ਹਨ। ਪਿੰਡ ਵਿੱਚ ਅਪਣੱਤ ਹੋਣ ਕਰਕੇ ਰਿਸ਼ਤੇ ਨੇੜੇ ਨਜ਼ਰ ਆਉਂਦੇ ਹਨ ਪਰ ਸ਼ਹਿਰੀ ਰਿਸ਼ਤੇ ਵਿਸ਼ਵੀਕਰਨ ਦੇ ਦੌਰ ਵਿੱਚ ਪੂੰਜੀ ਅਧਾਰਿਤ ਹੋਣ ਕਰਕੇ ਦੂਰ ਹੁੰਦੇ ਜਾ ਰਹੇ ਰਿਸ਼ਤਿਆਂ ਵਿਚਲੀ ਮਿਠਾਸ ਖਤਮ ਹੋਣ ਨਾਲ ਰਿਸ਼ਤੇ ਕੰਮ ਚਲਾਊ ਹੋ ਕੇ ਰਹਿ ਗਏ ਹਨ। ਰਿਸ਼ਤਿਆ ਵਿਚਲਾ ਅਸਲੀ ਨਿੱਘ ਹੀ ਖਤਮ ਹੋ ਗਿਆ ਹੈ। ਮਾਂ-ਪੁੱਤਰ ਦੇ ਰਿਸ਼ਤੇ ਵਿੱਚ ਵੀ ਪਦਾਰਥਵਾਦੀ ਸੋਚ ਆ ਜਾਣ ਨਾਲ ਇਸ ਮੋਹ ਅਤੇ ਅਪਣੱਤ ਭਰੇ ਰਿਸ਼ਤੇ ਵਿੱਚ ਵੀ ਤਰੇੜਾ ਆ ਗਈਆ ਹਨ। ਪੂੰਜੀਵਾਦੀ ਸੋਚ ਦਾ ਧਾਰਨੀ ਪੁੱਤਰ ਆਪਣੀ ਮਾਂ ਦੀਆਂ ਭਾਵਨਾਵਾਂ ਸਮਝਣ ਤੋਂ ਅਸਮਰਥ ਹੈ, ਅਤੇ ਉਸਦੀਆਂ ਜੜ੍ਹਾਂ ਹੀ ਉਖਾੜ ਦੇਣਾ ਚਾਹੁੰਦਾ ਹੈ। ਪੂੰਜੀਵਾਦ ਦੇ ਇਸ ਯੁੱਗ ਵਿੱਚ ਜਿਸਨੇ ਆਪਣੀ ਐਨੀ ਤਕਨੀਕ ਈਜਾਦ ਕਰ ਲਈ ਹੈ ਕਿ ਮਨੁੱਖ ਹੋਰਨਾਂ ਮਨੁੱਖਾਂ ਅਤੇ ਸਮਾਜਿਕ ਜੀਵ ਜੰਤੂਆ ਨੂੰ ਆਪਣੀ ਲੋੜ ਅਨੁਸਾਰ ਢਾਲਣਾ ਚਾਹੁੰਦਾ ਹੈ। ਕਹਾਣੀ ਦੀ ਪਾਤਰ ਸ਼ੈਲੀ ਜੋ ਸ਼ਹਿਰ ਵਿੱਚ ਰਹਿ ਰਹੀ ਹੈ ਆਪਣੇ ਪਤੀ ਅਤੇ ਸੱਸ ਤੇ ਵੀ ਉਹੀ ਤਕਨੀਕ ਅਪਣਾਉਂਣਾ ਚਾਹੁੰਦੀ ਹੈ ਜੋ ਉਹ ਨਰਸਰੀ ਵਿੱਚੋਂ ਲਿਆਂਦੇ ਪਿੱਪਲ ਅਤੇ ਬੋਹੜ ਤੇ ਅਪਣਾਉਂਦੀ ਹੈ ਉਨ੍ਹਾਂ ਨੂੰ ਗਮਲੇ ਵਿੱਚ ਲਗਾ ਕੇ ਉਨ੍ਹਾਂ ਦੀਆਂ ਜੜ੍ਹਾਂ ਨੂੰ ਚੰਗੀ ਤਰ੍ਹਾਂ ਫੈਲਣ ਨਹੀ ਦਿੰਦੀਂ ਆਪਣੇ ਪਤੀ ਅਤੇ ਸੱਸ ਦੀਆਂ ਜੜ੍ਹਾਂ ਨੂੰ ਵੀ ਪਿੰਡ ਦੀ ਨਰਸਰੀ ਤੋਂ ਪੁੱਟ ਸ਼ਹਿਰ ਲਾਉਣਾ ਚਾਹੁੰਦੀ ਹੈ ਉਸਦਾ ਪਤੀ ਗਮਲੇ ਦਾ ਪੌਦਾ ਬਣਕੇ ਰਹਿ ਜਾਂਦਾ ਹੈ ਗਮਲੇ ਵਾਂਗ ਹੀ ਉਸ ਲਈ ਘਰ ਦਾ ਚੌਗਿਰਦਾ ਹੈ ਜਿੱਥੇ ਉਸਦੇ ਵੱਧਣ ਫੁੱਲਣ ਤੇ ਪੁੰਗਰਨ ਦੀਆਂ ਸੰਭਾਵਨਾਵਾਂ ਬਹੁਤ ਘੱਟ ਬਚੀਆਂ ਹਨ ਇਸ ਯਥਾਰਥ ਨੂੰ ਪੇਸ਼ ਕਰਦੀ ਸ਼ੈਲੀ ਕਹਿੰਦੀ ਹੈ:-

*"ਦੇਖਿਆ ਤੂੰ ਕਹਿੰਦਾ ਸੀ ਜੜ੍ਹਾਂ ਹੁੰਦੀਆਂ ਬੰਦੇ ਦੀਆਂ। ਜੇ ਬੋਹੜ ਪਿੱਪਲ ਗਮਲਿਆ ਵਿੱਚ ਉੱਗ ਸਕਦੇ ਐ, ਤਾਂ ਬੰਦੇ ਦਾ ਕੀ ਐ।"*[4]

ਇਸ ਤਰ੍ਹਾਂ ਪਦਾਰਥਵਾਦੀ ਸੋਚ ਤਹਿਤ ਮਨੁੱਖ ਦੂਜਿਆਂ ਦੀਆਂ ਜੜ੍ਹਾਂ ਕੁਤਰ ਉਸਨੂੰ ਬੌਣਾ ਬਣਾ ਦੇਣਾ ਚਾਹੁੰਦਾ ਹੈ। ਇੱਕ ਤਰਫ ਪਦਾਰਥਵਾਦੀ ਸੋਚ ਵਾਲੇ ਬੱਚੇ ਹਨ ਜੋਂ ਨਿੱਜ ਦੇ ਸਵਾਰਥ ਲਈ ਆਪਣੇ ਬਜੁਰਗ ਮਾਂ-ਬਾਪ ਦੀਆਂ ਭਾਵਨਾਵਾਂ ਨੂੰ ਸਮਝਣ ਤੋਂ ਅਸਮਰਥ ਹਨ। ਦੂਜੀ ਤਰਫ ਪਰੰਪਰਕ ਕਦਰਾਂ-ਕੀਮਤਾਂ ਨਾਲ ਲਬਰੇਜ ਉਨ੍ਹਾਂ ਦੇ ਮਾਂ-ਪਿਓ ਹਨ ਜੋਂ ਆਪਣੇ ਬੱਚਿਆਂ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹਨ। ਇਸ ਕਹਾਣੀ ਵਿੱਚ ਮੈਂ ਪਾਤਰ ਦੀ ਮਾਂ ਵਿਰਸੇ ਵਿੱਚ ਮਿਲੀਆਂ ਪੇਂਡੂ ਸਮਾਜਕ ਕਦਰਾਂ-ਕੀਮਤਾਂ ਨਾਲ ਪਰਨਾਈ ਹੋਈ ਅਤੇ ਪੁੱਤਰ ਅਤੇ ਨੂੰਹ ਦੀ ਖੁਸੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹੈ ਉਨ੍ਹਾਂ ਦੀ ਖੁਸੀ ਲਈ ਉਹ ਸ਼ਹਿਰ ਵੀ ਆਉਂਦੀ ਹੈ ਅਤੇ ਆਪਣੇ ਆਪ ਨੂੰ ਸ਼ਹਿਰ ਦੀ ਹਵਾ ਅਨੁਸਾਰ ਢਾਲਣ ਦੀ ਕੋਸ਼ਿਸ਼ ਵੀ ਕਰਦੀ ਹੈ ਕਹਾਣੀ ਵਿੱਚ ਮਾਂ ਦੀ ਸਥਿਤੀ ਨੂੰ ਮੈਂ ਪਾਤਰ ਇਸ ਤਰ੍ਹਾਂ ਬਿਆਨ ਕਰਦਾ ਹੈ:-

*"ਪਿਛਲੇ ਕੁੱਝ ਵਰ੍ਹਿਆ ਤੋਂ ਇੰਝ ਹੀ ਹੁੰਦਾ ਸੀ ਅਸੀ ਮੀਆਂ-ਬੀਵੀ ਚਾਹੁੰਦੇ ਤਾਂ ਮਾਂ ਜਾਗਦਿਆਂ ਵੀ ਸੋ ਜਾਂਦੀ ਨਾ ਚਾਹੁੰਦੇ ਤਾਂ ਉਹ ਪਿਆਵੀ ਜਾਗਦੀ ਰਹਿੰਦੀ। ਮਾਂ ਦੇ ਇਸ ਬਦਲੇ ਹੋਏ ਰਵੱਈਏ ਨੇ ਜਿੱਥੇ ਮੇਰੀ ਪਤਨੀ ਸ਼ੈਲੀ ਨੂੰ ਖੁਸ਼ ਕੀਤਾ ਸੀ ਉੱਥੇ ਮੈਨੂੰ ਉਦਾਸ ਤੇ ਪ੍ਰੇਸ਼ਾਨ ਕਰ ਦਿੱਤਾ ਸੀ।"*[5]

ਕਿਰਪਾਲ ਕਜ਼ਾਕ ਨੇ ਇਸ ਕਹਾਣੀ ਵਿੱਚ ਅੰਤਰ ਤਣਾਓ ਦੀ ਸਥਿਤੀ ਵਿੱਚ ਮਾਨਸਿਕ ਗੁੰਝਲਾਂ ਦੇ ਸੰਤਾਪ ਨੂੰ ਬਹੁਤ ਹੀ ਦਿਲ ਵਿਨਵੇ ਅੰਦਾਜ ਵਿੱਚ ਸਿਰਜਿਆ ਹੈ ਕਹਾਣੀ ਦਾ ਮੈਂ ਪਾਤਰ ਆਪਣੀ ਹੋਂਦ ਬਾਰੇ ਸੋਚਣ ਲੱਗਦਾਂ ਹੈ ਉਸਨੂੰ ਮਹਿਸੂਸ ਹੁੰਦਾ ਹੈ ਕਿ ਜਿਵੇ ਉਸਦੀਆਂ ਤਾਂ ਜੜ੍ਹਾਂ ਹੀ ਨਹੀ ਹਨ, ਪੇਂਡੂ ਨੈਤਿਕ ਕਦਰਾਂ-ਕੀਮਤਾਂ ਤੋਂ ਟੁੱਟ ਲਗਾਤਾਰ ਜੜ੍ਹਹੀਣ ਹੋਣ ਦਾ ਸੰਤਾਪ ਭੋਗ ਰਿਹਾ ਹੈ।

ਪਰਸਪਰ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਪੈਸੇ ਤੇ ਦਿਖਾਵੇਬਾਜੀ ਕਾਰਨ ਆਧੁਨਿਕ ਮਨੁੱਖ ਢਿੱਲੀਆਂ ਕਰੀ ਜਾ ਰਿਹਾ ਹੈ ਉਹ ਸਮਾਜਿਕ, ਸਭਿਆਚਾਰਕ ਤੇ ਪਰਿਵਾਰਿਕ ਰਿਸ਼ਤਿਆਂ ਤੋਂ ਪਦਾਰਥਕ ਵਿਕਾਸ ਕਾਰਨ ਬੇਮੁੱਖ ਹੋ ਰਿਹਾ ਹੈ। ਧਨ ਦੀ ਲਾਲਸਾ ਕਾਰਨ ਉਹ ਪਿਓ-ਪੁੱਤਰ ਦੇ ਪਵਿੱਤਰ ਰਿਸ਼ਤੇ ਨੂੰ ਵੀ ਤਿਲਾਂਜਲੀ ਦੇ ਰਿਹਾ ਹੈ ਆਰਥਿਕ ਪੱਖੋ ਜਿੰਨ੍ਹਾ ਆਧੁਨਿਕ ਮਨੁੱਖ ਖੁਸ਼ਹਾਲ ਹੋ ਰਿਹਾ ਹੈ ਮਾਨਿਸਕ ਤੌਰ ਤੇ ਓਨਾ ਹੀ ਨਿਘਾਰ ਵੱਲ੍ਹ ਜਾ ਰਿਹਾ ਹੈ ਆਧੁਨਿਕ ਮਨੁੱਖ ਆਰਥਿਕ ਸਾਧਨ ਜੁਟਾਉਣ ਲਈ ਆਪਣੇ ਪਿਛੋਕੜ ਤੋਂ ਛੁਟਕਾਰਾ ਪਾਉਂਦਾ ਹੋਇਆ ਸਵੈ ਮੁੱਖੀ ਹੁੰਦਾ ਪਦਾਰਥਕ ਸਭਿਆਚਾਰ ਦਾ ਹਿੱਸਾ ਬਣਨਾ ਚਾਹੁੰਦਾ ਹੈ। ਬਜ਼ੁਰਗਾਂ ਦੀ ਹੋਂਦ ਉਨ੍ਹਾਂ ਨੂੰ ਆਪਣੀ ਇਸ ਲਾਲਸਾ ਵਿਚ ਖਲਲ ਪਾਉਣ ਵਾਲੀ ਲੱਗਦੀ ਹੈ। ਜਿਸਕਾਰਣ ਉਹ ਆਪਣੇ ਬਜੁਰਗ ਮਾਂ ਪਿਓ ਦੀ ਹੋਂਦ ਨੂੰ ਹੀ ਖਤਮ ਕਰ ਦੇਣਾ ਚਾਹੁੰਦਾ ਹੈ। ਕਹਾਣੀ 'ਗੁਆਚ ਗਿਆ ਕੁਝ' ਇਸ ਤਰ੍ਹਾਂ ਦੇ ਯਥਾਰਥ ਨੂੰ ਪੇਸ਼ ਕਰਦੀ ਹੈ ਇਹ ਕਹਾਣੀ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਅਜਿਹੇ ਜੀਵਨ ਨੂੰ ਬੜੀ ਕਲਾਤਮਕਤਾ ਨਾਲ ਪੇਸ਼ ਕਰ ਰਹੀ ਹੈ ਜੋ ਸ਼ਹਿਰਾਂ ਵਿਚ ਬੜੀ ਤੇਜੀ ਨਾਲ ਉਸਰ ਰਿਹਾ ਹੈ। ਜਿਸ ਵਿਚ ਬਜੁਰਗ ਮਾਂ ਪਿਓ ਨੂੰ ਲੱਗਦਾ ਹੈ ਕਿ ਸ਼ਹਿਰੀ ਚਕਾਚੌਂਧ ਵਾਲੀ ਜਿੰਦਗੀ ਵਿੱਚ ਉਨ੍ਹਾਂ ਦੇ ਪੁੱਤ ਗੁਆਚ ਗਏ ਹਨ ਜੋ ਉਨ੍ਹਾ ਨੂੰ ਕੋਲ ਹੁੰਦਿਆ ਵੀ ਲੱਭ ਨਹੀਂ ਰਹੇ ਹਨ। ਕਹਾਣੀ ਦਾ ਪਾਤਰ ਬੰਤਾ ਸਿੰਹੁ ਅਜਿਹੇ ਮਨੁੱਖ ਦੀ ਪੇਸ਼ਕਾਰੀ ਕਰਦਾ ਹੈ ਜੋ ਆਪਣੀਆਂ ਪੁਰਾਤਨ ਸਭਿਆਚਾਰਕ ਕਦਰਾਂ ਕੀਮਤਾਂ ਨਾਲ ਲਬਰੇਜ਼ ਹੈ ਜੋ ਪਿੰਡ ਵਿਚ ਰਹਿੰਦਾ ਤਰਖਾਣੇ ਦਾ ਕੰਮ ਕਰਦਾ ਹੈ ਤੇ ਕੰਮ ਬਦਲੇ ਆਏ ਦਾਣਿਆਂ ਵਿਚ ਹੀ ਸਬਰ ਸੰਤੋਖ ਮੰਨਦਾ ਹੈ ਕਿਉਂਕਿ ਉਸਦੀ ਸੋਚ ਤੇ ਪੂੰਜੀਵਾਦੀ ਸੋਚ ਦਾ ਗਲਬਾ ਭਾਰੂ

ਨਹੀਂ ਹੋਇਆ ਦੂਜੇ ਪਾਸੇ ਉਸਦਾ ਪੁੱਤਰ ਸੁਰਜਣ ਅਜਿਹੇ ਆਧੁਨਿਕ ਮਨੁੱਖ ਦੀ ਪੇਸ਼ਕਾਰੀ ਕਰਦਾ ਹੈ ਜੋ ਪੂੰਜੀਵਾਦੀ ਯੁੱਗ ਦੀਆਂ ਬਦਲਦੀਆਂ ਪ੍ਰਸਥਿਤੀਆਂ ਤੋਂ ਪ੍ਰਭਾਵਿਤ ਹੋ ਪਰੰਪਰਿਕ ਕਦਰਾਂ-ਕੀਮਤਾਂ ਦੀ ਪ੍ਰਵਾਹ ਨਾ ਕਰਦਾ ਹੋਇਆ ਅਮੀਰ ਬਣਨ ਲਈ ਹਰ ਜ਼ਾਇਜ-ਨਾਜਾਇਜ਼ ਢੰਗ ਅਪਨਾਉਣ ਲਈ ਤਿਆਰ ਹੈ ਸੁਰਜਨ ਸਿੰਘ ਪਿਤਾ ਪੁਰਖੀ ਕਿੱਤੇ ਨੂੰ ਤਿਆਗ ਸ਼ਹਿਰ ਵਿੱਚ ਕਾਰੋਬਾਰ ਕਰਦਾ ਹੈ। ਪਦਰਾਥਵਾਦੀ ਸਵੈ-ਕੇਂਦਰਿਤ ਸੋਚ ਤਹਿਤ ਵੱਧ ਤੋਂ ਵੱਧ ਪੈਸਾ ਕਮਾਉਣਾ ਚਾਹੁੰਦਾ ਹੈ ਜਿਸਦੇ ਤਹਿਤ ਦਿਨ ਰਾਤ ਸਿੱਧੇ-ਅਸਿੱਧੇ ਢੰਗ ਨਾਲ ਪੈਸਾ ਵੀ ਇਕੱਠਾ ਕਰ ਰਿਹਾ ਹੈ। ਕੋਠੀਆਂ, ਨੌਕਰ, ਚਾਕਰ ਸਭ ਹੈ ਉਸ ਕੋਲ ਜੋ ਨਹੀ ਹੈ ਉਹ ਹੈ, ਸਭਿਆਚਾਰਕ ਕਦਰਾਂ-ਕੀਮਤਾਂ ਤੇ ਮਨ ਦਾ ਚੈਨ ਜਿਨ੍ਹਾਂ ਨੂੰ ਤਿਆਗ ਉਹ ਆਪਣੇ ਬਾਊਜੀ ਨੂੰ ਅਪਮਾਨਿਤ ਕਰਦਾਂ ਹੈ ਕਿਉਕਿ ਉਸਨੂੰ ਉਨ੍ਹਾਂ ਦਾ ਗੁੱਲੀਆਂ ਘੜਨ ਵਾਲਾ ਪਿਤਾ ਪੁਰਖੀ ਕਿੱਤਾ ਆਪਣੇ ਸਟੇਟਸ ਦੇ ਖਿਲਾਫ ਨਜ਼ਰ ਆਉਂਦਾ ਹੈ ਉਹ ਆਪਣੇ ਪਿਤਾ ਨੂੰ ਕੰਮ ਕਰਨ ਤੋਂ ਰੋਕਣਾ ਚਾਹੁੰਦਾ ਹੈ। ਸੁਰਜਣ ਆਧੁਨਿਕ ਪਦਾਰਥਵਾਦੀ ਸੋਚ ਦੇ ਧਾਰਨੀ ਮਨੁੱਖ ਦੀ ਪੇਸ਼ਕਾਰੀ ਕਰਦਾ ਕਹਿੰਦਾ ਹੈ-

> *"ਖਬਰਦਾਰ ਜੇ ਅੱਜ ਤੋਂ ਕਿਸੇ ਦੀ ਬੁੱਤੀ ਕੀਤੀ ਤਾਂ ਮੇਰੇ ਸਟੇਟਸ ਦਾ ਤਾਂ ਖਿਆਲ ਕਰੋ ਤੇ ਸੁਰਜੀਤ ਨੇ ਉਹਤੋਂ ਔਜ਼ਾਰਾਂ ਵਾਲੀ ਬੋਰੀ ਖੋਹ ਕੇ ਕਿਤੇ ਦੂਰ ਵਗਾਹ ਮਾਰੀ ਸੀ। ਉਸੇ ਦਿਨ ਤੋਂ ਬੰਤਾ ਸਿੰਘ ਨੂੰ ਲੱਗਾ ਸੀ ਉਹਦੇ ਮੂੰਹ ਜੋਰ ਪੁੱਤ ਨੇ ਔਜ਼ਾਰਾ ਦੇ ਨਾਲ-ਨਾਲ ਉਹਦੀ ਹੋਂਦ ਨੂੰ ਵੀ ਕਿਤੇ ਬਾਹਰ ਵਗਾਹ ਮਾਰਿਆ ਸੀ।"*[6]

ਜਿਵੇਂ-ਜਿਵੇਂ ਸੁਰਜਨ ਸਿੰਘ ਵੱਡਾ ਠੇਕੇਦਾਰ ਬਣਦਾ ਗਿਆ ਬੰਤਾ ਸਿੰਘ ਦੀ ਹੋਂਦ ਹੋਰ ਛੋਟੀ ਹੁੰਦੀ ਚਲੀ ਗਈ ਇੰਨ੍ਹੀਂ ਛੋਟੀ ਕੇ ਹੁਣ ਉਸਦੀ ਕਿਸੇ ਸਾਹਮਣੇ ਕੋਈ ਬੁੱਕਤ ਹੀ ਨਹੀ ਰਹਿ ਗਈ ਸੀ। ਬੰਤਾ ਸਿੰਘ ਲਈ ਆਪਣੇ ਪੁੱਤ ਵੱਲੋਂ ਦਿੱਤੀ ਇਹ ਮਾਨਸਿਕ ਪੀੜ ਜੋ ਉਸਦੇ ਲਈ ਅਸਿਹ ਹੋ ਗਈ ਸੀ ਨੂੰ ਸ਼ਬਦਾ ਵਿੱਚ ਬਿਆਨ ਨਹੀ ਕਰ ਸਕਦਾ ਸੀ ਉਹ ਦਿਨ ਰਾਤ ਮਾਨਸਿਕ ਸੰਤਾਪ ਦੀ ਭੱਠੀ ਵਿੱਚ ਸੜ ਰਿਹਾ ਸੀ ਉਸਦਾ ਪੁੱਤ ਜੋਂ ਆਰਥਿਕ ਤੌਰ ਤੇ ਸੰਪੰਨ ਸੀ ਉਸ ਕੋਲ ਸੀ ਪਰ ਸਭ ਕੁਝ ਦੇ ਹੁੰਦੇ ਹੋਏ ਵੀ ਕੁੱਝ ਐਸਾ ਸੀ ਜੋ ਉਸ ਕੋਲ ਨਹੀ ਸੀ ਇਸ ਕੁੱਝ ਨਹੀ ਬਾਰੇ ਸੋਚਦਾ ਬੰਤਾ ਸਿੰਘ ਤੜਪ ਉੱਠਦਾ ਇਹ ਸਭ ਸੀ ਪਰ ਉਸਦਾ ਪੁੱਤ ਕਿੱਥੇ ਸੀ ਜੋ ਬੰਤਾ ਸਿੰਘ ਦੀ ਇੱਕੋ ਇੱਕ ਸੰਪਤੀ ਜਿਸ ਉੱਤੇ ਉਹ ਮਾਣ ਕਰਦਾ ਸੀ, ਕਿੱਧਰੇ ਗੁਆਚ ਗਈ ਸੀ ਉਸਨੂੰ ਲੱਭ ਨਹੀ ਰਹੀ ਸੀ।

ਇਸ ਕਹਾਣੀ ਵਿੱਚ ਕਜ਼ਾਕ ਨੇ ਇਸ ਸੱਚ ਨੂੰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ ਕਿ ਅੱਜ ਦਾ ਮਨੁੱਖ ਸੰਪੂਰਨ ਸੁੱਖ ਸਹੂਲਤਾਂ ਹੰਢਾਉਣ, ਸੋਹਣੀ ਜ਼ਿੰਦਗੀ ਜਿਉਣ ਲਈ, ਜਿਆਦਾ ਤੋਂ ਜਿਆਦਾ ਪੈਸਾ ਕਮਾਉਣਾ ਚਾਹੁੰਦਾ ਹੈ ਜਿਸਦੇ ਲਈ ਉਹ ਮਾਣ ਮਰਿਯਾਦਾ ਦੀ ਉਲੰਘਣਾ ਕਰ ਨੈਤਿਕ ਕਦਰਾਂ-ਕੀਮਤਾਂ ਦਾ ਘਾਣ ਕਰ ਰਿਹਾ ਹੈ ਘਰ ਦੇ ਬਜੁਰਗਾਂ ਦੀ ਹੋਂਦ ਉਸਨੂੰ ਖਲਲ ਪਾਉਣ ਵਾਲੀ ਲਗਦੀ ਹੈ ਪੂੰਜੀਵਾਦੀ ਯੁੱਗ ਵਿੱਚ ਪਰੰਪਰਕ ਆਦਰਸ਼ਵਾਦੀ ਵਿਚਾਰਧਾਰਾ ਵਾਲੇ ਪਿਓ ਅਤੇ ਸਵੈਂ-ਕੇਂਦਰਿਤ ਪਦਰਾਥਵਾਦੀ ਸੋਚ ਵਾਲੇ ਪੁੱਤਰ ਵਿਚਕਾਰ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਲਈ ਟਕਰਾਓ ਹੁੰਦਾ ਹੈ ਤੇਂ ਦੋਵਾਂ ਵਿਚਕਾਰ ਨਫਰਤ ਦੀ ਇੱਕ ਕੰਧ ਉਸਰ ਜਾਂਦੀ ਹੈ ਸਾਡੇ ਸਮਾਜ ਵਿੱਚ ਔਰਤ ਦਾ ਆਪਣੇ ਪਤੀ ਤੋਂ ਇਲਾਵਾਂ ਕਿਸੇ ਗੈਰ ਮਰਦ ਨਾਲ ਸੰਬੰਧ ਬਣਾਉਣਾ ਕਦਰਾਂ-ਕੀਮਤਾਂ ਦੇ ਖਿਲਾਫ ਜਾਂਦਾ ਹੈ ਤੇ ਪੁਰਾਣੀ ਪਰੰਪਰਕ ਆਦਰਸ਼ਵਾਦੀ ਸੋਚ ਰੱਖਣ ਵਾਲੇ ਮਨੁੱਖ ਲਈ ਆਪਣੀ ਨੂੰਹ ਦਾਂ ਟੈਂਡਰ ਲੈਣ ਲਈ ਕਿਸੇ ਦੂਸਰੇ ਮਰਦ ਕੋਲ ਜਾਣਾ ਤੇ ਦੇਰ ਰਾਤ ਤੱਕ ਵਾਪਿਸ ਆਉਣਾ ਉਹ ਵੀ ਅਜਿਹੀ ਹਾਲਤ ਵਿੱਚ ਜਿਸ ਵਿੱਚ ਉਸਦਾ ਬੱਚਿਆਂ ਨੂੰ ਮਿਲਣਾ ਸ਼ੋਭਾ ਨਹੀ ਦਿੰਦਾ ਬੰਤਾ ਸਿੰਘ ਨੂੰ ਚੰਗਾ ਨਹੀ ਲੱਗਦਾ ਵਿਰੋਧ ਕਰਨ ਤੇ ਉਸਦਾ ਖੁਦਗਰਜ ਪੁੱਤਰ ਜਿਸ ਨੂੰ ਅਮੀਰ ਬਣਨ ਦੀ ਹੋੜ ਨੇ ਅੰਨ੍ਹਾਂ ਕਰ ਦਿੱਤਾ ਹੈ ਤੇ ਸਹੀ ਗਲਤ ਦੀ ਪਛਾਣ ਹੀ ਭੁਲਾ ਦਿੱਤੀ ਹੈ ਆਪਣੇ ਪਿਉ ਨੂੰ ਅਜਿਹਾ ਜਵਾਬ ਦਿੰਦਾ ਹੈ ਜਿਸਦੀ ਉਸਨੂੰ ਕਦੇ ਆਸ ਨਹੀ ਸੀ। ਪੂੰਜੀਵਾਦੀ ਸੋਚ ਵਾਲੇ ਮਨੁੱਖ ਦੀ ਪੇਸ਼ਕਾਰੀ ਕਰਦਾ ਸੁਰਜਨ ਆਪਣੇ ਪਿਤਾ ਨੂੰ ਅਜਿਹਾ ਜਵਾਬ ਦਿੰਦਾ ਹੈ ਜਿਸ ਨਾਲ ਉਸਦੇ ਪਿਓ ਦਾ ਪੂਰਾ ਵਜੂਦ ਹੀ ਹਿੱਲ ਜਾਂਦਾ ਹੈ।

> *"ਠੀਕ ਸੁਣਿਐ ਤੈਂ..... । ਕਿਸੇ ਪਾਰਟੀ ਨਾਲ ਗਈ ਐ। ਜਰੂਰੀ ਕੰਮ ਸੀ। ਪਰ ਕੋਈ ਗੋਲੀ ਨਹੀ ਚੱਲ ਗਈ ਮੈਂ ਪੁੱਛਦਾ ਤੀਵੀਆਂ ਨੂੰ ਘਰ ਬਿਠਾਕੇ ਕੀ ਖੱਟਿਆ ਤੁਸੀ? ਭੁੱਖ, ਨੰਗ, ਜ਼ਿੱਲਤ....... । ਅੱਜ ਉਹ ਬਾਹਰ ਗਈ ਐ ਤਾਂ ਲੱਖਾਂ ਦਾ ਬਿਜ਼ਨਸ ਲੈ ਕੇ ਮੁੜੂ.... ਉਹ ਐਵੇ ਨੀ ਰਾਤਾਂ ਨੂੰ ਤੁਰੀ ਫਿਰਦੀ..... । ਫਿਰ ਉਹਨੇ ਵਿਸ਼ਾਲ ਕੋਠੀ ਵੱਲ ਇਸ਼ਾਰਾ ਕਰਦੇ ਕਿਹਾ*
>
> *ਔਹ ਦੇਖ, ਅੱਜ ਕਿੰਨਾ ਕੁੱਝ ਐ ਮੇਰੇ ਕੋਲ ਗਿਣਾਵਾਂ ਤਾਂ ਗਿਣਿਆ ਨਹੀਂ ਜਾਣਾ...ਫਿਰ ਐਨਾ ਕੁੱਝ ਪ੍ਰਾਪਤ ਕਰਨ ਲਈ ਕੁੱਝ ਨਾ ਕੁੱਝ ਗੁਆਉਣਾ ਈ ਪੈਂਦਾਂ ਨਾ....... ।"*[7]

ਇਸ ਤਰ੍ਹਾਂ ਇਹ ਕਹਾਣੀ ਇਸ ਸੱਚ ਨੂੰ ਪੇਸ਼ ਕਰਦੀ ਹੈ ਕਿ ਪੈਸੇ ਅੱਗੇ ਪੂੰਜੀਵਾਦੀ ਯੁੱਗ ਵਿੱਚ ਰਿਸ਼ਤਿਆਂ ਦੀ ਕੋਈ ਕੀਮਤ ਨਹੀਂ ਰਹੀ। ਕਾਰਪੋਰੇਟ ਸੈਕਟਰ ਵਿੱਚ ਕਾਰੋਬਾਰੀ ਲਾਭ ਹਿੱਤ ਔਰਤ ਦੀ ਦੇਹਿਕ ਸੁੰਦਰਤਾ ਅਤੇ ਦਿਮਾਗੀ ਚੁਸਤੀ ਨੂੰ ਵਰਤਿਆ ਜਾ ਰਿਹਾ ਹੈ। ਘਰ ਪੂੰਜੀ ਅਤੇ ਖਪਤ ਦੀ ਮਾਰ ਥੱਲੇ ਆਇਆ ਚਕਲਾ ਬਣਕੇ ਰਹਿ ਗਿਆ ਹੈ। ਰਿਸ਼ਤਿਆਂ ਦੀ ਪਵਿਤੱਰਤਾ ਦੀ ਨਿੱਘ ਵਾਲੀ ਪੁਰਾਣੀ ਸੰਸਥਾ ਹੁਣ ਘਰ ਨਹੀਂ ਰਿਹਾ। ਔਰਤ ਨੂੰ ਇਸ ਬਜ਼ਾਰੂ ਸਭਿਆਚਾਰ ਨੇ ਘਰੇਲੂ ਸੁਆਣੀ ਤੇ ਸਨਮਾਨਤ ਜਣਨੀ ਦੀ ਥਾਂ ਨਿਰੋਲ ਕਾਮੁਕ ਤ੍ਰਿਪਤੀ ਕਰਨ ਵਾਲੀ ਦੇਹ ਵਿੱਚ ਬਦਲ ਕੇ ਰੱਖ ਦਿੱਤਾ ਹੈ। ਪਰ ਇਹ ਸਾਰਾ ਕੁਝ ਮਰਿਆਦਾਵਾਦੀ ਅਤੇ ਸਨਾਤਨੀ ਸੋਚ ਵਾਲੇ ਬੰਤਾ ਸਿੰਘ ਲਈ ਅਸਹਿ ਹੈ। ਕਜ਼ਾਕ ਦੀ ਇਸ ਕਹਾਣੀ ਵਿੱਚ ਇਹ ਧੁਨੀ ਉਭਰਦੀ ਹੈ ਕਿ ਉਪਭੋਗੀ ਸਭਿਆਚਾਰ ਦੀ ਲਪੇਟ ਵਿੱਚ ਆਇਆ ਮਨੁੱਖ ਪਤਨੀ ਦੇ ਪਰਾਏ ਮਰਦ / ਅਫਸਰਾਂ ਨਾਲ ਕੀਤੇ ਅਨੈਤਿਕ ਕੰਮਾਂ ਨੂੰ ਬਿਜ਼ਨਸ ਦੀ ਸਫ਼ਲਤਾ ਲਈ ਕੀਤਾ ਕਰਮ ਸਮਝਦਾ ਹੈ। ਪਰ ਜਿਸ ਮਾਨਸਿਕ ਸੰਤਾਪ ਦੀ ਭੱਠੀ ਵਿੱਚ ਬੰਤਾ ਸਿੰਘ ਸੜ ਰਿਹਾ ਸੀ ਉਸ ਦੀ ਤੜਪ ਦਾ ਕੋਈ ਇਲਾਜ ਨਹੀਂ ਸੀ।

'ਗੁੰਮਸ਼ੁਦਾ' ਕਹਾਣੀ ਵਿੱਚ ਕਜ਼ਾਕ ਨੇ ਔਰਤ ਅਤੇ ਮਰਦ ਦੇ ਜਿਨਸੀ ਸੰਬੰਧਾਂ ਨੂੰ ਆਰਥਿਕ ਮਸਲਿਆਂ ਦੇ ਸੰਦਰਭ ਵਿਚ ਰੱਖਕੇ ਪੇਸ਼ ਕੀਤਾ ਹੈ। ਕਹਾਣੀ ਵਿਚ ਨੈਣੂ ਅਜਿਹੇ ਜੱਟ ਦਾ ਪੁੱਤ ਹੈ ਜੋ ਬੇਜਮੀਨਾ ਹੈ ਜੋ ਬੁੱਢੇ ਕਲਾਲ ਦਾ ਕਰਜਾ ਨਾ ਉਤਾਰ ਸਕਿਆ ਜਿਸਦੇ ਸਿੱਟੇ ਵਜੋ ਨੈਣੂ ਨੂੰ ਬੁੱਢੇ ਕਲਾਲ ਦਾ ਸੀਰੀ ਬਣਨਾ ਪਿਆ। ਸੀਰੀ ਹੋਣ ਕਰਕੇ ਨੈਣੂ ਦਾ ਬਚਪਨ ਤੇ ਬਾਅਦ ਵਿਚ ਉਸਦੇ ਵਿਆਹ ਦੀਆਂ ਰਾਤਾਂ ਇਸੇ ਕਰਜੇ ਦੀ ਭੇਂਟ ਚੜ੍ਹ ਜਾਂਦੀਆਂ ਹਨ। ਬੁੱਢੇ ਕਲਾਲ ਦੀਆਂ ਵਧੀਕੀਆਂ ਤੋਂ ਤੰਗ ਆ ਨੈਣੂ ਡਾਂਗ ਚੁੱਕ ਲੈਂਦਾ ਹੈ ਜਿਸਦੇ ਨਤੀਜੇ ਵਜੋਂ ਨੈਣੂ ਨੂੰ ਪਿੰਡ ਛੱਡਣਾ ਪੈਂਦਾ ਹੈ ਤੇ ਉਹ ਦਿਗੰਬਰ ਨਾਥ ਦਾ ਚੇਲਾ ਬਣ ਜਾਂਦਾ ਹੈ ਡਾਂਗ ਚੁੱਕਣ ਦੀ ਕੀਮਤ ਉਸਨੂੰ ਆਪਣੀ ਗ੍ਰਹਿਸਤੀ ਤੇ ਆਪਣੀ ਹੋਂਦ ਛੱਡ ਕੇ ਚਕਾਉਣੀ ਪੈਂਦੀ ਹੈ ਪ੍ਰਸਥਿਤੀਆਂ ਤੋਂ ਦੌੜਕੇ ਨੈਣੂ ਨੰਨਾ ਨਾਥ ਤਾਂ ਬਣ ਗਿਆ ਪਰ ਉਸਦੇ ਮਨ ਨੂੰ ਸ਼ਾਂਤੀ ਨਾ ਮਿਲੀ। ਸਰਦੀਆਂ ਵਿਚ ਜਲਧਾਰਾ ਕਰਨਾ ਗਰਮੀਆਂ ਵਿਚ ਤੱਪ ਕਰਨਾ ਪਿੰਡੇ ਤੇ ਭਭੂਤੀ ਮਲਣਾ ਮਾਨਸਿਕ ਸੰਤਾਪ ਸਾਹਮਣੇ ਇਹ ਸਰੀਰਕ ਕਸ਼ਟ ਭੀੜੇ ਪੈ ਜਾਂਦੇ ਹਨ ਨਾਸੂਰ ਬਣਕੇ

ਪੁਰਾਣੇ ਜਖਮ ਉਸਦੇ ਮਨ ਤੇ ਉਕਰ ਆਉਂਦੇ ਹਨ ਉਹ ਆਪਣੀ ਇਸ ਵਰਤਮਾਨ ਸਥਿਤੀ ਤੋਂ ਕਿਨਾਰਾ ਬਹੁਤ ਕੋਸ਼ਿਸ਼ਾਂ ਕਰਨ ਤੋਂ ਬਾਅਦ ਵੀ ਨਹੀਂ ਕਰ ਪਾਉਂਦਾ ਕਿਉਂਕਿ ਉਸਨੇ ਯੋਗ ਦਾ ਰਸਤਾ ਆਪਣੀ ਮਰਜੀ ਨਾਲ ਨਹੀਂ ਚੁਣਿਆ ਬਲਕਿ ਵਰਤਮਾਨ ਅਸਹਿ ਆਰਥਿਕ ਤੰਗੀਆਂ ਤੋਂ ਨਿਜਾਤ ਪਾਣ ਲਈ ਤੇ ਪਰਿਵਾਰਕ ਜਿੰਮੇਵਾਰੀਆਂ ਨਾ ਨਿਭਾ ਸਕਣ ਕਰਕੇ ਚੁਣਿਆ ਸੀ। ਉਹ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵਰਤਮਾਨ ਸਥਿਤੀ ਤੋਂ ਕਿਨਾਰਾ ਨਹੀਂ ਕਰ ਸਕਦਾ ਜਿਸਦੇ ਫਲਸਰੂਪ ਉਸਦਾ ਮਨ ਅਸ਼ਾਂਤੀ ਨਾਲ ਭਰਿਆ ਰਹਿੰਦਾ ਹੈ। ਨੈਣੂ ਦੀ ਇਸ ਅਸਹਿ ਸਥਿਤੀ ਦਾ ਵਰਨਣ ਕਹਾਣੀ ਵਿਚ ਇਸ ਤਰ੍ਹਾਂ ਹੋਇਆ ਹੈ –

> *"ਤਦ ਤੋਂ ਲੈਕੇ ਹੁਣ ਤੱਕ ਨੰਨ੍ਹਾ ਨਾਥ ਦੇ ਸਿਰਉੱਤੇ ਕਾਲ ਦਾ ਅਜਿਹਾ ਪਹਿਰਾ ਰਿਹਾ ਸੀ ਕਿ ਪੈਰ-ਪੈਰ ਉੱਤੇ ਮਰਿਆਦਾ ਭੰਗ ਹੁੰਦੀ ਚਲੀ ਗਈ ਸੀ। ਨੰਨ੍ਹਾ ਨਾਥ ਦੀਆਂ ਪਾਤਲੀਆਂ ਸੇਕ ਮਾਰਨ ਲੱਗਦੀਆਂ ਉਹਨੂੰ ਗੁਲਜਾਰੋ ਯਾਦ ਆਉਂਦੀ। ਘਰ ਅਤੇ ਪੁੱਤ ਯਾਦ ਆਉਂਦੇ ਅੰਦਰੋਂ ਹੂਕ ਉਠਦੀ ਰਹਿੰਦੀ ਰਾਤ ਰੀਣ ਰੀਣ ਕਰਕੇ ਅੱਖਾਂ ਵਿਚੋਂ ਟੁੱਟਣ ਲੱਗਦੀ। ਕਦੇ ਲਗਦਾ ਉਹ ਕੋਈ ਮਾਰੂ ਸ਼ਰਾਪ ਭੋਗ ਰਿਹਾ ਸੀ। ਕਦੇ ਜਾਪਦਾ ਥੋਥੀ ਮਰਯਾਦਾ ਦੇ ਘੁੱਪ ਹਨੇਰੇ ਵਿਚ ਉਹ ਵੀ ਇਵੇਂ ਹੀ ਇਕ ਦਿਨ ਗੁਆਚ ਜਾਵੇਗਾ।"*[8]

ਇਸ ਤਰ੍ਹਾਂ ਗੁੰਮਸ਼ੁਦਾ ਕਹਾਣੀ ਦਾ ਸੰਕੇਤ ਉਸ ਕਿਰਤੀ ਲੋਕਾਈ ਵੱਲ੍ਹ ਹੈ ਜੋ ਜੱਟਾਂ ਦੇ ਕਰਜੇ ਨਾ ਉਤਾਰ ਸਕਣ ਕਾਰਨ ਆਪਣੇ ਆਪ ਵਿੱਚ ਗੁਆਚੀ ਹੋਈ ਹੈ ਪਰ ਉਸਦੇ ਅੰਦਰਲਾ ਜਮੀਰ ਹਜੇ ਵੀ ਜਿਉਂਦਾ ਮਰਿਆ ਨਹੀਂ ਇਸ ਲਈ ਜਦੋਂ ਉਹ ਆਪਣੇ ਆਪ ਨੂੰ ਲੱਭਦੇ ਹਨ ਤਾਂ, ਉਨ੍ਹਾਂ ਅੰਦਰ ਨਵੀਂ ਸੋਚ, ਚੇਤਨਾ ਪੈਦਾ ਹੁੰਦੀ ਹੈ ਤੇ ਆਪਣੀ ਮੁਕਤੀ ਦੇ ਨਵੇਂ ਰਾਹ ਫੁੱਟਦੇ ਹਨ। ਕਹਾਣੀਕਾਰ ਨੇ ਜਾਤੀ-ਜਮਾਤੀ ਵਿਵਸਥਾ ਵਾਲੇ ਭਾਰਤੀ ਸਮਾਜ ਵਿੱਚ ਆਰਥਿਕ-ਸਮਾਜਿਕ ਪੱਖੋ ਹੀਣ ਹੋਣ ਕਰਕੇ ਅਮਾਨਵੀ ਸੰਤਾਪ ਭੋਗ ਰਹੇ ਦਲਿਤ ਵਰਗ ਦੇ ਜੀਵਨ ਨੂੰ ਚਿਤਰਿਆਂ ਹੈ ਕਿ ਕਿਸ ਤਰ੍ਹਾਂ ਦਲਿਤ ਪਾਤਰ ਤੰਗੀਆਂ ਤਰੁਸ਼ੀਆਂ ਨੂੰ ਆਪਣੇ ਪਿੰਡੇਂ ਤੇ ਹੰਢਾਉਂਦੇ ਹੋਏ ਸਮਾਜਿਕ ਸੰਕਟ ਵਿੱਚ ਘਿਰ ਜਾਂਦੇ ਹਨ। ਉੱਚ ਵਰਗ ਵਿਰੁੱਧ ਸੰਘਰਸ਼ ਵਿੱਚ ਬੁਰੀ ਤਰ੍ਹਾਂ ਜਖ਼ਮੀ ਹੋਏ ਕਿਰਤੀ ਕਾਮੇ ਆਪਣੇ ਕਰੀਬੀ ਸੰਬੰਧੀਆਂ ਨਾਲ ਵੀ ਸੁਖਾਵਾ ਰਿਸ਼ਤਾ ਨਹੀਂ ਸਿਰਜ ਪਾਉਂਦੇ ਭਾਵੇਂ ਇਹ ਉਨ੍ਹਾਂ ਦੇ ਜਾਤੀ-ਜਮਾਤੀ ਦੁਸ਼ਮਣ ਵੀ ਨਹੀਂ ਹਨ।

'ਅੰਤਰੀਣ' ਕਹਾਣੀ ਵਿੱਚ ਲੇਖਕ ਆਧੁਨਿਕ ਸਮਾਜਿਕ ਵਿਵਸਥਾ, ਆਧੁਨਿਕ ਕਦਰਾਂ-ਕੀਮਤਾਂ, ਜਾਤ ਵਿਵਸਥਾ ਆਧੁਨਿਕ ਸਮਾਜ ਵਿੱਚ ਮੌਜੂਦ ਜਾਤੀ ਜਮਾਤੀ ਭੇਦਭਾਵ ਦਲਿੱਤ ਵਰਗ ਦੀ ਆਰਥਿਕ ਸਥਿਤੀ ਨੂੰ ਬੜੇ ਕਲਾਤਮਿਕ ਢੰਗ ਨਾਲ ਸਿਰਜਦਾ ਹੈ। ਕਿਸੇ ਵੀ ਸਮਾਜ ਦੇ ਸਭਿਆਚਾਰਕ ਬਦਲਾਵ ਦਾ ਆਧਾਰ ਆਰਥਿਕਤਾ ਬਣਦੀ ਹੈ ਆਧੁਨਿਕ ਸਮਾਜ ਵਿੱਚ ਦਲਿਤ ਆਪਣੀ ਆਰਥਿਕ ਸਥਿਤੀ ਸੁਧਾਰਨ ਲਈ ਜਾਗ੍ਰਿਤ ਹੋ ਰਹੇ ਹਨ ਤੇ ਉਨ੍ਹਾਂ ਵਿੱਚ ਦਲਿਤ ਚੇਤਨਾ ਪੈਦਾ ਹੋ ਰਹੀ ਹੈ ਤੇ ਉਹ ਆਪਣੇ ਹੱਕਾਂ ਲਈ ਵਿਦਰੋਹ ਕਰ ਰਹੇ ਹਨ ਅਤੇ ਆਪਣੀ ਹੋਂਦ ਨੂੰ ਬਚਾਉਣ ਦੇ ਆਹਰ ਵਿੱਚ ਲੱਗੇ ਹੋਏ ਹਨ। ਅੰਤਰੀਣ ਕਹਾਣੀ ਬਾਰੂ ਬਾਲਮੀਕਿਆ ਸੁੱਖਾ ਮਿਸਤਰੀ, ਘੀਚਰ ਰਵਿਦਾਸੀਆਂ ਅਤੇ ਦੇਬੂ ਵਰਗੇ ਦਲਿਤਾਂ ਅਤੇ ਸੁੱਚਾਂ ਸਿੰਘ, ਸਰਦੂਲ ਸਿੰਘ ਦਿੱਤੂਪੁਰੀਆ ਅਤੇ ਚੈਂਚਲ ਵਰਗੇ ਧਨਾਢਾ ਵਿਚਕਾਰ ਟਕਰਾਓ ਤੇ ਜਾਤੀ-ਜਮਾਤੀ ਸੰਘਰਸ਼ ਨੂੰ ਜੋਂ ਦਲਿਤਾ ਦੀ ਸਮਾਜ ਵਿੱਚ ਮਾੜੀ ਆਰਥਿਕ ਸਥਿਤੀ ਕਾਰਨ ਹੁੰਦਾ ਨੂੰ ਦਖਾਉਂਦੀ ਹੈ। ਜਿੱਥੇ ਇੱਕ ਧਿਰ ਲੁੱਟੀ ਜਾ ਰਹੀ ਜਮਾਤ ਹੈ ਤੇ ਦੂਜੀ ਲੁੱਟਣ ਵਾਲੀ ਜਮਾਤ ਹੈ। ਕਹਾਣੀਕਾਰ ਨੇ ਇਸ ਕਹਾਣੀ ਰਾਹੀ ਦਲਿਤਾਂ ਦੀ ਮਾੜੀ ਆਰਥਿਕ ਸਥਿਤੀ ਕਾਰਨ ਸਮਾਜ ਵਿੱਚ ਉਨ੍ਹਾਂ ਨਾਲ ਹੁੰਦੇ ਦੁਰਵਿਵਹਾਰ ਦੀ ਕਰੂਰ ਝਾਕੀ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਕਿਸ ਤਰ੍ਹਾਂ ਦਲਿਤ ਲੋਕ ਜਾਗਰੂਕ ਹੋ ਆਪਣੀ ਹੋਂਦ ਨੂੰ ਬਚਾਉਣ ਦੇ ਆਹਰ ਵਿੱਚ ਲੱਗੇ ਹੋਏ ਦਿਖਾਈ ਦੇ ਰਹੇ ਹਨ। ਆਪਣੇ ਇਸ ਸੁਪਨੇ ਨੂੰ ਪੂਰਾ ਕਰਨ ਲਈ ਉਹ ਆਪਣੇ ਬੱਚੇ ਪੜ੍ਹਾਂ ਲਿਖਾ ਕੇ ਅਫਸਰ ਬਣਾ ਰਹੇ ਹਨ ਤਾਂ ਜੋਂ ਉਹ ਉਨ੍ਹਾਂ ਦੀ ਕਿਸਮਤ ਬਦਲ ਸਕਣ ਅਤੇ ਸਦੀਆਂ ਤੋਂ ਉਨ੍ਹਾਂ ਨਾਲ ਹੁੰਦੇ ਧੱਕੇ ਨੂੰ ਰੋਕ ਸਕਣ ਪਰ ਇਸ ਉਦੇਸ਼ ਨੂੰ ਪੂਰਾ ਕਰਨ ਵਿੱਚ ਸਫਲ ਨਹੀ ਹੋ ਰਹੇ ਤੇ ਆਪਣੀ ਸਮਾਜਿਕ ਸਥਿਤੀ ਤੇ ਝੂਰਦੇ ਆਪਣੀ ਜ਼ਿੰਦਗੀ ਤੋਂ ਨਿਰਾਸ਼ ਹੋ ਪੂਰੀ ਤਰ੍ਹਾਂ ਜੀਵਨ ਤਾਲ ਤੋ ਉੱਖੜੇ ਪਏ ਹਨ। ਇਹ ਕਹਾਣੀ ਔਰਤ ਮਰਦ ਦੇ ਨਿਵੇਕਲੇ ਸੰਬੰਧਾਂ ਅਤੇ ਸਮਾਜਿਕ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦੀ ਹੈ ਇਹ ਕਹਾਣੀ ਦਲਿਤ ਮੁਕਤੀ ਤੇ ਸ਼ਕਤੀਕਰਨ ਲਈ ਦਲਿਤ ਵਰਗ ਦੇ ਚੇਤੰਨ ਹੋਣ ਨਾਲ ਸਮਾਜ ਵਿੱਚ ਦਲਿਤਾਂ ਦੀ ਦਸ਼ਾ ਸੁਧਾਰਨ ਲਈ ਦਲਿਤਾਂ ਦੁਆਰਾ ਪੂੰਜੀਪਤੀ ਵਰਗ ਦੁਆਰਾ ਕੀਤੇ ਜਾਂਦੇ ਸ਼ੋਸਣ ਦੇ ਖਿਲਾਫ ਸੰਘਰਸ ਨੂੰ ਪੇਸ਼ ਕਰ ਆਧੁਨਿਕ ਸਮਾਜ ਅੱਗੇ ਇਹ ਪ੍ਰਸ਼ਨ ਖੜਾ ਕਰਦੀ ਹੈ ਕਿ ਕਦੋਂ ਸਮਾਜ ਵਿੱਚ ਦਲਿਤਾਂ ਦੀ ਦਸ਼ਾ ਸੁਧਰੇਗੀ? ਕਦੋਂ ਸਮਾਜ ਵਿੱਚ ਉਨ੍ਹਾਂ ਨੂੰ ਬਰਾਬਰੀ ਦੇ ਅਧਿਕਾਰ ਮਿਲਣਗੇ ਦਲਿਤ ਮੁਕਤੀ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਬਾਰੂ ਦੇ ਰੂਪ ਵਿੱਚ ਇਹ ਕਹਾਣੀ ਇੱਕ ਨਵੀਂ ਦਿਸ਼ਾ ਤਹਿ ਕਰਦੀ ਹੈ ਇਹ ਕਹਾਣੀ ਬਾਰੂ ਦੇ ਰੋਹ, ਵਿਦਰੋਹ ਤੇ ਆਕ੍ਰੋਸ਼ ਨੂੰ ਚਿਤਰਦੀ ਹੈ ਜੋ ਸਾਰੀਆਂ ਸਮਾਜਕ ਕਦਰਾਂ-ਕੀਮਤਾਂ ਤੇ ਪਰੰਪਰਾਵਾਂ ਦੀਆਂ ਵਲਗਣਾ ਨੂੰ ਤੋੜ ਸਦੀ ਬਦਲਣਾ ਚਾਹੁੰਦਾ ਹੈ। ਕਿਰਪਾਲ ਕਜ਼ਾਕ ਇਸ ਕਹਾਣੀ ਵਿੱਚ ਕਿਰਤੀ ਦੀ ਉਸ ਸਮਾਜਿਕ ਦਸ਼ਾ ਨੂੰ ਚਿਤਰਣ ਵੱਲ ਵਧੇਰੇ ਰੁਚਿਤ ਹੈ ਜਿਸ ਵਿੱਚ ਤੰਗੀਆਂ ਤਰੁਸ਼ੀਆਂ ਦੀ ਜਹਿਲਤ ਵਿੱਚ ਕਾਮੇ ਪੀੜ੍ਹੀ ਦਰ ਪੀੜ੍ਹੀ ਗਰਕ ਹੋ ਰਹੇ ਹਨ। ਜਿਸਦੇ ਅੰਤਰਗਤ ਸਮਾਜ ਵਿੱਚ ਕਿਰਤੀ ਕਾਮੇ ਆਪਣੀ ਹੋਂਦ ਤੇ ਝੂਰਦੇ ਹੋਏ ਭਖਦੇ, ਕੁੜ੍ਹਦੇ, ਛਟਪਟਾਉਂਦੇ ਨਜ਼ਰ ਆਉਂਦੇ ਹਨ। ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿੱਚ ਵੀ ਉਸਨੂੰ ਉਸੇ ਦਰਦਨਾਕ ਸਥਿਤੀ ਵਿੱਚੋਂ ਲੰਘਣਾ ਪੈ ਰਿਹਾ ਹੈ ਜਿਸ ਵਿੱਚੋਂ ਉਹ ਪਹਿਲਾਂ ਲੰਘ ਕੇ ਆਇਆ ਹੈ। ਵਰਤਮਾਨ ਅਤੇ ਨਾਂ ਹੀ ਭੂਤ ਵਿੱਚੋਂ ਉਸਦੀ ਕੋਈ ਅਜਿਹੀ ਪ੍ਰਾਪਤੀ ਨਜ਼ਰ ਆਉਂਦੀ ਹੈ ਜਿਸ ਤੇ ਉਹ ਮਾਣ ਮਹਿਸੂਸ ਕਰ ਸਕੇ ਨਾ ਹੀ ਭਵਿੱਖ ਵਿੱਚ ਕੋਈ ਮਾਣ ਮਰਿਆਦਾ ਵਾਲੀ ਥਾਂ ਪ੍ਰਾਪਤ ਕਰ ਲੈਣ ਦੀ ਕੋਈ ਆਸ ਹੀ ਨਜ਼ਰ ਆਉਂਦੀ ਹੈ। ਦਲਿਤ ਸਮਾਜਿਕ ਚੇਤੰਨਤਾ ਦੇ ਆਧਾਰ ਵਿੱਚੋਂ ਆਪਣੀ ਮੁਕਤੀ ਦਾ ਰਾਹ ਲੱਭਦਾ ਨਜ਼ਰ ਆਉਂਦਾ ਹੈ। ਇਹ ਕਹਾਣੀ ਦਲਿਤਾਂ ਦੇ ਚੇਤੰਨ ਹੋਣ ਨਾਲ ਸਮਾਜ ਵਿੱਚ ਆਪਣੀ ਵਰਤਮਾਨ ਕਰੂਰ ਸਥਿਤੀ ਨੂੰ ਸੁਧਾਰਨ ਲਈ ਆਪਣੇ ਪੁੱਤਰਾਂ ਨੂੰ ਪੜ੍ਹਾਂ-ਲਿਖਾ ਕੇ ਵੱਡੇ ਅਫਸਰ ਬਣਾਉਣ ਫਿਰ ਵੀ ਗੁਲਾਮੀ ਤੋਂ ਮੁਕਤੀ ਦਾ ਕੋਈ ਰਾਹ ਨਜ਼ਰ ਨਾ ਆਉਣ ਦੇ ਸੱਚ ਨੂੰ ਮਾਰਮਿਕ ਰੂਪ ਵਿੱਚ ਪੇਸ਼ ਕਰਦੀ ਹੈ। ਇਸ ਕਹਾਣੀ ਦੇ ਪਾਤਰ ਬਾਰੂ ਵਿੱਚ ਉੱਚੀਆਂ ਜਾਤਾਂ ਵੱਲੋਂ ਦਲਿਤਾਂ ਤੇ ਕੀਤੇ ਜਾਂਦੇ ਸ਼ੋਸ਼ਣ ਅਤੇ ਆਪਣੀ ਕੌਮ ਦੀ ਗੁਲਾਮੀ ਪ੍ਰਤੀ ਰੋਹ ਹੈ ਜਿਸ ਦੇ ਤਹਿਤ ਉਹ ਨੰਗੇ ਧੜ ਸਥਾਪਤੀ ਨਾਲ ਟੱਕਰ ਲੈਂਦਾ ਹੈ। ਬਾਰੂ ਇਸ ਉਮੀਦ ਤੇ ਆਪਣੇ ਪੁੱਤਰ ਨੂੰ ਪੜਾਉਂਦਾ ਲਿਖਾਉਂਦਾ ਹੈ ਤੇ ਪੀ.ਸੀ.ਐੱਸ ਅਫਸਰ ਬਣਾਉਂਦਾ ਹੈ ਕਿ ਉਹ ਪੜ੍ਹ ਲਿਖ ਕੇ ਦਲਿਤਾਂ ਦੀ ਗੁਲਾਮੀ ਦੀਆਂ ਜੰਜੀਰਾਂ ਤੋੜੇਗਾ ਪਰ ਉਸਦਾ ਪੁੱਤਰ ਜੈਲੂ ਉਸਦੀਆਂ ਸੱਧਰਾਂ ਦੇ ਉਲਟ ਸਤਵੰਤ ਜੋ ਕਿ ਅਮੀਰ ਸਰਦਾਰਾਂ ਦੀ ਧੀ ਹੈ ਦੇ ਨਾਲ ਪਿਆਰ ਸੰਬੰਧਾਂ ਵਿੱਚ ਬੱਝ ਜਾਂਦਾ ਹੈ ਪਰ ਸਤਵੰਤ ਦੇ ਮਾਪੇ ਉਸਨੂੰ ਸਮਾਜਿਕ ਆਧਾਰ ਤੋਂ ਨੀਵੀ ਜਾਤ ਦਾ ਹੋਣ ਕਰਕੇ ਸਵੀਕਾਰ ਨਹੀ ਕਰਦੇ ਪਰ ਘਰਦਿਆਂ ਦੀ ਨਰਾਜ਼ਗੀ ਦੀ ਪਰਵਾਹ ਨਾ ਕਰਨ ਤੇ ਅਦਾਲਤੀ ਵਿਆਹ ਕਰਾਉਣ ਦੀ ਇੱਛਾ ਜਾਹਰ ਕਰਨ ਤੇ ਬਾਰੂ ਦਾ ਜੈਲੂ ਨੂੰ ਮਾਰਨ ਲਈ ਹਥਿਆਰਾਂ ਨੂੰ ਚੁੱਕਣਾ, ਔਰਤ ਮਰਦ ਸੰਬੰਧਾ ਵਿੱਚ ਉਪਜੀ ਦਲਿਤਾਂ ਦੀ ਸਮਾਜਿਕ ਗੁਲਾਮੀ ਨੂੰ ਮੁਕਤੀ ਦੇ ਭਰਮ-ਜਾਲ ਦੀ ਜਗ੍ਹਾਂ ਗੁਲਾਮੀ ਦੇ ਨਵੇਂ ਅਧਿਆਇ ਦੀ ਸ਼ੁਰੂਆਤ ਬਣਕੇ ਪੇਸ਼ ਹੁੰਦੀ ਹੈ

ਤੇ ਬਾਰੂ ਮਾਸਟਰ ਜੱਗੀ ਨੂੰ ਚੀਕਦਾਂ ਹੋਇਆ ਕਹਿੰਦਾ ਹੈ:-

> *"ਕਿਹੜੀ ਜਿੱਤ ਓਏ ਕੁੱਤਿਆ।" ਉਹਨੇ ਹੱਥ ਫੜਿਆਂ ਦਾਤਰ ਹਵਾਂ ਵਿੱਚ ਲਹਿਰਾਇਆ। ਇਹਨੂੰ ਜਿੱਤ ਕਹਿਨੈ ਤੂੰ ਕੰਜਰਾ। ਇਹ ਹਾਰ ਐ ਸਾਡੀ। ਮੈਂ ਪੁੱਤ ਪੜ੍ਹਾਇਆ ਬਈ ਕਿਸਮਤ ਬਦਲੂ ਮੇਰੀ ਜ਼ੱਦ ਦੀ ਪਰ ਉਹ ਕੁੱਤਾ ਉਸ ਖੇਮੇ ਚ ਜਾ ਡਿੱਗਾ ਜਿਨ੍ਹਾਂ ਨੂੰ ਪਹਿਲਾਂ ਸਾਡੀ ਇੱਜ਼ਤ ਚਾਹੀਂਦੀ ਸੀ ਔਰ ਹੁਣ ਸਾਡੇ ਮੁੰਡੇ ਚਾਹੀਂਦੇ ਹਨ ..... ਪੜ੍ਹੇ ਲਿਖੇ । ਚਿੱਤ ਵੀ ਉਹਨਾਂ ਦੀ ਔਰ ਪੱਟ ਵੀ ਓਹਨਾਂ ਦੀ..? ਔਰ ਇਹਨੂੰ ਜਿੱਤ ਕਹਿਨੈ ਤੂੰ....। ਮੈਂ ਪੁੱਛਿਆਂ ਕਦ ਬਦਲੂ ਸਾਡੀਆਂ ਧੀਆਂ ਭੈਣਾ ਦੀ ਕਿਸਮਤ....। ਕਦ ਜੀਆਗੇ ਅਸੀ ਆਪਣੇ-ਆਪ ਲਈ...।" ਬਾਰੂ ਫਿਰ ਦਹਾੜਿਆਂ 'ਹੈ ਕਿਸੇ ਵਿੱਚ ਅਣਖ ਤਾ ਆਓ ਅੱਗੇ..... ਔਰ ਸਮਝਾਓ ਮੈਨੂੰ ਕਦੋਂ ਮੁੱਕੂਗਾਂ ਇਹ ਸਿਲਸਿਲਾ.......?'*[9]

ਕਿਰਪਾਲ ਕਜ਼ਾਕ ਇਸ ਕਹਾਣੀ ਵਿਚਲੇ ਬਾਰੂ ਪਾਤਰ ਰਾਹੀਂ ਸਾਡੇ ਸਮਾਜ ਅੱਗੇ ਕਈ ਤਰ੍ਹਾਂ ਦੇ ਪ੍ਰਸ਼ਨ ਖੜ੍ਹੇ ਕਰਦਾ ਹੈ ਕਿ ਕਦੋਂ ਉਹ ਦਲਿਤਾਂ ਦੀ ਦਸ਼ਾ ਸੁਧਰੇਗੀ ਅਤੇ ਕਦੋਂ ਉਨ੍ਹਾਂ ਨੂੰ ਸਮਾਜ ਵਿੱਚ ਬਰਾਬਰੀ ਦੇ ਅਧਿਕਾਰ ਮਿਲਣਗੇ, ਕਦੋਂ ਉਹ ਸਮਾਜ ਵਿੱਚ ਸਿਰ ਉੱਚਾ ਕਰਕੇ ਚੱਲ ਸਕਣਗੇ ਤੇ ਆਪਣੀ ਹੱਤਕ ਭਰੀ ਜ਼ਿੰਦਗੀ ਤੋਂ ਛੁਟਕਾਰਾ ਪਾਉਣਗੇ? ਇਸ ਤਰ੍ਹਾਂ ਕਹਾਣੀ ਦਲਿਤ ਮੁਕਤੀ ਲਈ ਕੀਤੇ ਜਾ ਰਹੇ ਸੰਘਰਸ਼ ਦੀ ਇੱਕ ਨਵੀਂ ਦਿਸ਼ਾ ਤਹਿ ਕਰਦੀ ਹੋਈ ਬਾਰੂ ਦ ਰੋਹ, ਵਿਦਰੋਹ ਤੇ ਆਕ੍ਰੋਸ਼ ਨੂੰ ਚਿਤਰਦੀ ਹੈ।

ਇਸ ਤਰ੍ਹਾਂ ਕਿਰਪਾਲ ਕਜ਼ਾਕ ਦੇ ਕਹਾਣੀ ਸੰਗ੍ਰਹਿ ਅੰਤਰੀਣ ਦਾ ਸਮਾਜ ਸਭਿਆਚਾਰਕ ਅਧਿਐਨ ਕਰਨ ਤੋਂ ਬਾਅਦ ਇਹ ਜਾਣਕਾਰੀ ਮਿਲਦੀ ਹੈ ਕਿ ਉਹ ਵਿਸ਼ਵ ਅਨੁਭਵ ਦਲਿਤ ਚੇਤਨਾ ਦਾ ਧਾਰਨੀ ਇੱਕ ਸੁਹਿਰਦ ਕਹਾਣੀਕਾਰ ਹੈ। ਉਸਦੀਆਂ ਕਹਾਣੀਆਂ ਕਿਰਤੀਆਂ ਦੀ ਉਸ ਸਮਾਜਿਕ ਦਸ਼ਾ ਅਤੇ ਦਿਸ਼ਾ ਨੂੰ ਚਿਤਰਨ ਵੱਲ ਵਧੇਰੇ ਰੁਚਿਤ ਹੈ ਜਿਸ ਵਿੱਚ ਤੰਗੀਆਂ ਤੁਰਸ਼ੀਆਂ ਦੀ ਜਹਿਲਤ ਵਿਚ ਕਾਮੇ ਪੀੜ੍ਹੀ-ਦਰ-ਪੀੜ੍ਹੀ ਗਰਕ ਹੋ ਰਹੇ ਹਨ। ਕਜ਼ਾਕ ਨੇ ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਨੂੰ ਸਿਰਜਣ ਲਈ ਵਿਅੰਗ ਤਨਜ ਤੇ ਰਮਜ਼ ਦੇ ਹਥਿਆਰ ਨੂੰ ਬਹੁਤ ਖੂਬਸੂਰਤੀ ਨਾਲ ਵਰਤਿਆ ਹੈ। ਕਜ਼ਾਕ ਨੇ ਅਜੋਕੇ ਸਮਾਜ ਵਿਚ ਯਦਾਰਥਵਾਦੀ ਸੋਚ ਤਹਿਤ ਅਹਿਸਾਸਹੀਣ ਹੁੰਦੇ ਜਾਂਦੇ ਮਨੁੱਖ ਦੀ ਤਸਵੀਰ ਖਿੱਚਣ ਦੀ ਕੋਸ਼ਿਸ਼ ਕੀਤੀ ਹੈ, ਜੋ ਪੈਸੇ ਲਈ ਸਭ ਤਰ੍ਹਾਂ ਦੀਆਂ ਮਾਨਵੀ, ਨੈਤਿਕ ਤੇ ਭਾਈਚਾਰਕ ਸਾਂਝ ਵਾਲੀਆਂ ਕਦਰਾਂ ਕੀਮਤਾਂ ਦਾ ਘਾਣ ਸਹਿਜ ਹੀ ਕਰ ਜਾਂਦਾ ਹੈ ਤੇ ਸਭ ਨੂੰ ਨਿਰਲਜ ਖੜ੍ਹਾ ਕਰ ਦਿੰਦਾ ਹੈ। ਕਹਾਣੀਕਾਰ ਇਸ ਸੱਚ ਦੀ ਪੇਸ਼ਕਾਰੀ ਕਰਦਾ ਹੈ ਕਿ ਅਜ ਦੇ ਇਸ ਪੂੰਜੀਵਾਦੀ ਯੁੱਗ ਵਿੱਚ ਪੈਸੇ ਦੇ ਅੱਗੇ ਮਨੁੱਖ ਦੇ ਹਰ ਤਰ੍ਹਾਂ ਦੇ ਨੈਤਿਕ ਰਿਸ਼ਤੇ ਵਿਅਰਥ ਹੋ ਗਏ ਹਨ। ਮਨੁੱਖ ਵਿੱਚੋਂ ਮਨੁਖਤਾ ਹੀ ਆਲੋਪ ਹੁੰਦੀ ਜਾ ਰਹੀ ਹੈ, ਜਿਸਦੇ ਸਿੱਟੇ ਤਬਾਹਕੁਨ ਨਿਕਲ ਸਕਦੇ ਹਨ। ਇਹ ਇਕੀਵੀਂ ਸਦੀ ਦੇ ਮਨੁੱਖ ਦਾ ਸੱਚ ਹੈ ਜਿਸਨੂੰ ਕਿਰਪਾਲ ਕਜ਼ਾਕ ਨੇ ਬੜੀ ਬੇਬਾਕੀ ਨਾਲ ਸਿਰਜ ਕੇ ਆਧੁਨਿਕ ਪੂੰਜੀਵਾਦੀ ਸਮਾਜ ਤੇ ਵਿਅੰਗ ਕਸਿਆ ਹੈ ਤੇ ਮਨੁੱਖ ਦੀਆਂ ਭਾਵਨਾਵਾਂ ਨੂੰ ਝੰਜੋੜਨ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਮਾਨਵੀ ਸੰਬੰਧਾਂ ਵਿੱਚ ਵਿਸ਼ਵੀਕਰਨ ਤੇ ਸ਼ਹਿਰੀਕਰਨ ਦੇ ਪ੍ਰਭਾਵ ਨੇ ਅਜਿਹੀ ਪਹੁੰਚ ਬਣਾਈ ਹੈ ਕਿ ਉਸਨੇ ਮਨੁੱਖੀ ਮੰਨ ਦੀਆਂ ਸੰਵੇਦਨਾਵਾਂ ਨੂੰ ਪੂਰੀ ਤਰ੍ਹਾਂ ਖੰਡਿਤ ਕਰਕੇ ਰੱਖ ਦਿੱਤਾ ਹੈ।

## *ਹਵਾਲੇ ਅਤੇ ਟਿੱਪਣੀਆ*

1. ਕਿਰਪਾਲ ਕਜ਼ਾਕ, ਅੰਤਰੀਣ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ-2015, ਪੰਨਾ: 7
2. ਓਹੀ, ਪੰਨਾ: 33
3. ਓਹੀ, ਪੰਨਾ: 38-39
4. ਓਹੀ, ਪੰਨਾ: 16
5. ਓਹੀ, ਪੰਨਾ: 32
6. ਓਹੀ, ਪੰਨਾ: 42
7. ਓਹੀ, ਪੰਨਾ: 43
8. ਓਹੀ, ਪੰਨਾ: 51
9. ਓਹੀ, ਪੰਨਾ: 119

## *Cite this Article-*

*ਡਾ. ਸ਼ਾਲੂ ਰਾਣੀ (Dr. Shallu Rani), ਕਿਰਪਾਲ ਕਜ਼ਾਕ ਦੇ ਕਹਾਣੀ ਸੰਗ੍ਰਹਿ 'ਅੰਤਰੀਣ' ਦਾ ਸਮਾਜ ਸਭਿਆਚਾਰਕ ਅਧਿਐਨ (Kirpal Kajak De Kahani Sangrah 'Antheen' Da Samaj Sabhyacharak Adhyan), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 119-124.*

*Journal URL: www.armaan.org.in*

*DOI: https://doi.org/10.64119/armaan.vol.4.issue2.22*

*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*